ੴ ਸਤਿਗੁਰੂ ਪ੍ਰਸਾਦਿ

# ਸਿੱਖੀ ਵਿੱਚ ਮੀਰੀ-ਪੀਰੀ ਦੀ ਧਾਰਨਾ

ਡਾ. ਗੰਡਾ ਸਿੰਘ ਮੈਮੋਰੀਅਲ ਟਰੱਸਟ ਵੱਲੋਂ
ਕਰਵਾਈ ਗਈ ਲੇਖ ਪ੍ਰਤਿਯੋਗਤਾ
2002-03
ਵਿਚ ਤੀਸਰਾ ਸਥਾਨ ਪ੍ਰਾਪਤ ਲੇਖ

ਭਾਈ ਹਰਸਿਮਰਨ ਸਿੰਘ
ਗਿਆਨ ਆਸ਼ਰਮ, ਅਨੰਦਪੁਰ ਸਾਹਿਬ(ਰੋਪੜ)

2004
ਗੁਰੂ ਨਾਨਕ ਦੇਵ ਮਿਸ਼ਨ ਲੜੀ 525
ਗੁਰੂ ਨਾਨਕ ਦੇਵ ਮਿਸ਼ਨ
ਅਕਾਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ
1-ਢਿੱਲੋਂ ਮਾਰਗ, ਪਟਿਆਲਾ

ਭੇਟਾ: 12/-

# ਗੁਰੂ ਨਾਨਕ ਦੇਵ ਮਿਸ਼ਨ ਦੇ ਅਹੁਦੇਦਾਰ

**ਪ੍ਰਧਾਨ**

ਡਾ. ਭਗਤ ਸਿੰਘ
ਸਾਬਕਾ ਵਾਈਸ ਚਾਂਸਲਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਫੋਨ : (0175)-212072

**ਉਪ ਪ੍ਰਧਾਨ**

ਪ੍ਰੋ. ਗੁਰਸੇਵਕ ਸਿੰਘ
ਸਾਬਕਾ ਡੀ.ਪੀ.ਆਈ.(ਕਾਲਜਾਂ)ਪੰਜਾਬ,
ਫੋਨ : (0175)213232

**ਸਕੱਤਰ**

ਡਾ. ਐਸ.ਐਸ. ਨੰਦਾ
ਪੀ.ਈ. ਐਸ.-1(ਸੇਵਾ ਮੁਕਤ)
ਫੋਨ : (0175)215704,219475

**ਸਲਾਹਕਾਰ**

ਡਾ. ਗੁਰਚਰਨ ਸਿੰਘ
ਪ੍ਰੋਫੈਸਰ ਆਫ ਪੰਜਾਬੀ (ਸੇਵਾ ਮੁਕਤ)
ਸਾਬਕਾ ਫੈਲੋ,
ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਫੋਨ : (0175)214738

ਡਾ. ਬ੍ਰਿਜਪਾਲ ਸਿੰਘ
ਸਾਬਕਾ ਪ੍ਰੋਫੈਸਰ ਆਫ ਐਕਨਾਮਿਕਸ
ਲਾਲ ਬਹਾਦਰ ਸਾਸਤਰੀ ਨੈਸ਼ਨਲ ਅਕਾਡਮੀ
ਆਫ ਐਡਮਨਿਸਟ੍ਰੇਸ਼ਨ, ਮਸੂਰੀ
ਫੋਨ : (0175)216738

ਜਥੇਦਾਰ ਹਰਬੰਸ ਸਿੰਘ ਮਾਨ
ਜੋੜਾ ਮਾਜਰਾ
ਸਾਬਕਾ ਐਮ.ਡੀ.,
ਸੈਂਟਰਲ ਕੋਓਪਰੇਟਿਵ ਬੈਂਕ, ਪਟਿਆਲਾ
ਫੋਨ : (0175)212594

**ਚੰਦਿਆਂ ਦੀ ਦਰ**

ਭਾਰਤ

- ਵਾਰਸ਼ਿਕ .................................. 35-00
- ਜੀਵਨ-ਪ੍ਰਯੰਤ .......................... 350-00

ਵਿਦੇਸ਼

- ਜੀਵਨ ਪ੍ਰਯੰਤ ......................... 1000-00

ਗੁਰੂ ਨਾਨਕ ਦੇਵ ਮਿਸ਼ਨ ਦੇ ਮੈਂਬਰਾਂ ਨੂੰ ਮਿਸ਼ਨ ਵਲੋਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਪੁਸਤਕਾਵਾਂ (*Tracts*) ਮੁਫਤ ਭੇਜੀਆਂ ਜਾਂਦੀਆਂ ਹਨ।

ਮੈਨੂੰ ਪੂਰਨ ਵਿਸ਼ਵਾਸ ਹੈ ਕਿ ਗੁਰਸਿਖ ਪਾਠਕ ਮੇਰੀ ਇਸ ਬੇਨਤੀ ਨੂੰ ਜ਼ਰੂਰ ਸਵੀਕਾਰ, ਜ਼ਰੂਰ ਸਵੀਕਾਰ ਕਰਨਗੇ ਅਤੇ ਮਿਸ਼ਨ ਦੀ ਮਾਲੀ ਹਾਲਤ ਨੂੰ ਦ੍ਰਿੜ ਬਣਾਉਣ ਲਈ ਆਪਣਾ ਵਡਮੁੱਲਾ ਯੋਗਦਾਨ ਜ਼ਰੂਰ ਦੇਣਗੇ। ਗੁਰੂ ਨਾਨਕ ਦੇਵ ਮਿਸ਼ਨ ਨੂੰ ਹਰ ਤਰ੍ਹਾਂ ਦੀ ਰਕਮ ਮਨੀਆਰਡਰ, ਚੈੱਕ ਜਾਂ ਬੈਂਕ ਡਰਾਫਟ ਰਾਹੀਂ ਭੇਜੀ ਜਾ ਸਕਦੀ ਹੈ। ਬੈਂਕ ਡਰਾਫਟ ਜਾਂ ਚੈੱਕ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਦੇ ਨਾਮ ਤੇ ਕਿਸੇ ਵੀ ਬੈਂਕ ਦਾ ਭੇਜਿਆ ਜਾ ਸਕਦਾ ਹੈ।

ਡਾ. ਐਸ. ਐਸ. ਨੰਦਾ
ਸਕੱਤਰ
ਗੁਰੂ ਨਾਨਕ ਦੇਵ ਮਿਸ਼ਨ,
ਅਕਾਡਮੀ ਆਫ ਸਿੱਖ ਰਿਲੀਜਨ ਐਂਡ ਕਲਚਰ,
1-ਦਿੱਲੋਂ ਮਾਰਗ, ਪਟਿਆਲਾ।
ਫੋਨ : 215704
214738

# ਸਿੱਖੀ ਵਿਚ ਮੀਰੀ-ਪੀਰੀ ਦੀ ਧਾਰਨਾ
## (Concept of Miri-Piri in Sikhism)

ਹਰਸਿਮਰਨ ਸਿੰਘ

ਸਿੱਖੀ ਵਿਚ ਮੀਰੀ-ਪੀਰੀ ਦੀ ਧਾਰਨਾ ਨੂੰ ਅਕਾਲ ਤਖ਼ਤ ਸਾਹਿਬ ਦੇ ਪ੍ਰਗਟ ਹੋਣ ਦੇ ਸੰਦਰਭ ਵਿਚ ਵਿਚਾਰਿਆ ਜਾਣਾ ਜ਼ਰੂਰੀ ਹੈ। ਸਮੁੱਚੀ ਸਿੱਖ ਲਹਿਰ ਵਿਚ ਅਕਾਲ ਤਖ਼ਤ ਦੀ ਸਥਾਪਨਾ ਇਕ ਸੰਸਥਾ ਰੂਪ ਵਿੱਚ ਹੋਈ ਜਦੋਂ ਸਿੱਖ ਕਿਰਿਆਤਮਕਤਾ, ਸਿੱਖ ਸਿਧਾਂਤ ਅਤੇ ਸਿੱਖ ਸਮਾਜ ਦੀਆਂ ਕੁਝ ਨਵੀਆਂ ਲੋੜਾਂ ਨੇ ਜਨਮ ਲਿਆ। ਜੇ ਸਿੱਖ ਲਹਿਰ ਦਾ ਫੈਲਾਅ ਇਕ ਪਾਸੇ ਆਪਣੀ ਸਮਕਾਲੀਨ ਚਰਮ ਸੀਮਾ ਤੇ ਪਹੁੰਚ ਰਿਹਾ ਸੀ ਤਾਂ ਦੂਜੇ ਪਾਸੇ ਸਿੱਖਾਂ ਦਾ ਅੰਦਰੂਨੀ ਅਤੇ ਵਕਤ ਦੀ ਸੱਤਾ ਸਮੇਤ ਬਾਹਰੀ ਵਿਰੋਧੀਆਂ ਦਾ ਵਿਰੋਧ ਵਧਦਾ ਜਾ ਰਿਹਾ ਸੀ। ਸਿੱਖ ਲਹਿਰ ਦੀ ਸਮਾਜਿਕਤਾ ਨੂੰ ਵੀ ਇਸ ਦੀਆਂ ਅੰਦਰਲੀਆਂ ਲੋੜਾਂ ਕਾਰਨ ਇਕ ਵਿਸ਼ੇਸ਼ ਸਥਾਨ ਪ੍ਰਾਪਤ ਕਰਨ ਲਈ ਇਕ ਵਿਸ਼ੇਸ਼ ਸੰਸਥਾ ਤੇ ਆਗੂ ਦੀ ਲੋੜ ਸੀ। ਸਿੱਖ ਸਿਧਾਂਤ ਦੀ ਰਾਖੀ ਕਰਨ ਦੇ ਨਾਲ-ਨਾਲ ਸਿੱਖੀ ਦੇ ਸਮੁੱਚੇ ਆਦਰਸ਼ਾਂ ਅਤੇ ਭਵਿੱਖ ਵਿਚ ਇਸ ਦੀ ਪ੍ਰਸੰਗਿਕਤਾ ਨੂੰ ਬਣਾਈ ਰੱਖਣ ਲਈ ਲੋੜੀਂਦਾ ਕਾਰਜ ਕਰਮ ਤਿਆਰ ਕਰਨ ਲਈ ਇਕ ਆਧਾਰ ਨਿਯਤ ਕਰਨਾ ਵੀ ਜ਼ਰੂਰੀ ਹੋ ਗਿਆ ਸੀ। ਇਸ ਨੂੰ ਲਾਗੂ ਕਰਨ ਲਈ ਦਿਸ਼ਾ ਨਿਰਦੇਸ਼, ਕਿਰਿਆਸ਼ੀਲਤਾ ਅਤੇ ਸਮਾਜ ਦੀ ਸਮੂਹਿਕ ਸਿਆਣਪ (Collective Wisdom) ਦੇ ਸਮੁੱਚੇ ਪ੍ਰਤੀਨਿਧ ਵਜੋਂ ਸਿੱਖ ਪੰਥ ਦੀਆਂ ਸੱਤਾ ਸਮੇਤ ਹੋਰ ਸੰਸਥਾਵਾਂ ਉਤੇ ਇਕ ਤਰ੍ਹਾਂ ਦਾ ਰੋਕ ਅਤੇ ਸੰਤੁਲਨ (Checks and Balances) ਬਣਾਈ ਰੱਖਣਾ ਵੀ ਭਵਿੱਖ ਦੀ ਇੱਕ ਲੋੜ ਸੀ।

ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦੇ ਪ੍ਰਸੰਗ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੇ ਸਮਕਾਲੀ ਵਿਦਵਾਨ ਭਾਈ ਗੁਰਦਾਸ ਜੀ ਦੀਆਂ ਰਚਿਤ ਵਾਰਾਂ ਵਿਚੋਂ ਵਾਰ 26 ਦੀ ਪਉੜੀ 25 ਵਿਚ ਦਿੱਤੇ ਗਏ ਵਿਚਾਰਾਂ ਨੂੰ ਇਥੇ ਵਿਚਾਰਿਆ ਜਾ ਸਕਦਾ ਹੈ। ਭਾਈ ਸਾਹਿਬ ਲਿਖਦੇ ਹਨ ਕਿ ਇਸ ਸੰਸਾਰ ਵਿਚ ਹਰ ਇਕ ਚੀਜ਼ ਦੀ ਰਖਵਾਲੀ ਕਰਨੀ ਪੈਂਦੀ ਹੈ। ਇਕ ਕਿਸਾਨ ਨੂੰ ਆਪਣੀ ਫਸਲ ਦੇ ਬਚਾਓ ਲਈ ਇਸ ਦੇ ਆਲੇ-ਦੁਆਲੇ ਵਾੜ ਲਗਾਉਣੀ ਪੈਂਦੀ ਹੈ ਅਤੇ ਚੰਦਨ ਦੇ ਦਰਖਤ ਦੀ ਰਾਖੀ ਸੱਪ ਕਰਦਾ ਹੈ ਆਦਿ। ਉਸੇ ਤਰ੍ਹਾਂ ਹੀ ਮੈਂ ਸਮਝਦਾ ਹਾਂ ਕਿ ਸਿੱਖ ਜੋਤਿ ਤੇ ਜੁਗਤਿ ਦੀ ਰਾਖੀ ਅਤੇ ਪੰਥ ਦੀ ਸੋਚ ਨੂੰ ਅੱਗੇ ਲਿਜਾਣ ਲਈ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਹੋਈ। ਮੀਰੀ-ਪੀਰੀ ਦੇ ਸਿਧਾਂਤ, ਪੰਥਕ ਚੇਤਨਾ ਤੇ ਮਨੁੱਖੀ ਵਿਰਾਸਤ ਦਾ ਅੰਗ ਬਣੇ। ਭਾਈ ਸਾਹਿਬ ਦੇ ਬਚਨ ਹਨ :

*ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ।*
*ਸਪ ਪਲੇਟੇ ਚੰਨਣੈ ਬੂਹੇ ਜੰਦਾ ਕੁਤਾ ਜਾਗੈ॥*
*ਕਵਲੈ ਕੰਡੇ ਜਾਣੀਅਨਿ ਸਿਆਣਾ ਇਕੁ ਕੋਈ ਵਿਚਿ ਫਾਗੈ।*
*ਜਿਉ ਪਾਰਸੁ ਵਿਚਿ ਪਥਰਾ ਮਣਿ ਮਸਤਕਿ ਜਿਉ ਕਾਲੈ ਨਾਗੈ।*
*ਰਤਨੁ ਸੋਹੈ ਗਲਿ ਪੋਤ ਵਿਚਿ ਮੈਗਲੁ ਬਧਾ ਕਚੈ ਧਾਗੈ।*
*ਭਾਵ ਭਗਤਿ ਭੁਖ ਜਾਇ ਘਰਿ ਬਿਦਰੁ ਖਵਾਲੈ ਪਿੰਨੀ ਸਾਗੈ।*

*ਚਰਣ ਕਵਲ ਗੁਰੁਸਿਖ ਭਉਰ ਸਾਧ ਸੰਗਤਿ ਸਹਲੰਗੁ ਸਭਾਗੈ ॥*
*ਪਿਰਮ ਪਿਆਲੇ ਦੁਤਰੁ ਝਾਗੈ ॥ ੨੫ ॥*

(ਭਾਈ ਗੁਰਦਾਸ ਵਾਰ 26 ਪਉੜੀ 25)

## ਹਰਿਮੰਦਰ (ਸਰੀਰ) ਹਰਿਮੰਦਰ (ਸਤਿਸੰਗਤ) ਤੇ ਹਰਿਮੰਦਰ (ਜਗਤ) ਵਿਚ ਸੱਚ ਦਾ ਵਾਸ ਹੈ

ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਨੂੰ ਹਰਿਮੰਦਰ ਸਿਧਾਂਤ, ਸਤਿਸੰਗਤ ਅਤੇ ਜਗਤ ਸਬੰਧੀ ਗੁਰਬਾਣੀ ਵਿਚ ਆਏ ਵਿਚਾਰਾਂ ਦੇ ਸੰਦਰਭ ਵਿਚ ਵੀ ਵਿਚਾਰਿਆ ਜਾ ਸਕਦਾ ਹੈ। ਗੁਰਬਾਣੀ ਸਿਧਾਂਤ ਤੇ ਸਿੱਖ ਪ੍ਰੰਪਰਾ ਵਿਚ ਮਨੁੱਖ ਦੀ ਸਰੀਰ ਰੂਪੀ ਕਾਇਆ ਦੀ ਬਹੁਤ ਮਹੱਤਤਾ ਹੈ। ਸਿੱਖ ਵਿਸ਼ਵਾਸ ਅਨੁਸਾਰ ਕਈ ਲੱਖ ਜੂਨੀਆਂ ਦੇ ਗੇੜ 'ਚੋਂ ਗੁਜ਼ਰ ਕੇ ਹੀ ਰੂਹ ਨੂੰ ਮਨੁੱਖੀ ਸਰੀਰ ਮਿਲਦਾ ਹੈ। ਇਸ ਸਰੀਰ ਨੂੰ ਪ੍ਰਾਪਤ ਕਰਨ ਲਈ ਦੇਵੀ-ਦੇਵਤੇ ਵੀ ਲੋਚਦੇ ਹਨ:

*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥*

(ਪੰਨਾ-1159)

ਗੁਰਬਾਣੀ ਮਨੁੱਖ ਨੂੰ ਇਸ ਸਰੀਰ ਦੀ ਪ੍ਰਾਪਤੀ ਲਈ ਕੀਤੇ ਗਏ ਅਤਿਅੰਤ ਯਤਨਾਂ ਤੇ ਘਟਨਾਵਾਂ ਦੀ ਕਦਰ ਕਰਦਿਆਂ ਚੰਗੇ ਕੰਮ ਕਰਨ ਤੇ ਸੱਚ ਵਾਲਾ ਜੀਵਨ ਜੀਉਣ ਦੀ ਪ੍ਰੇਰਨਾ ਦਿੰਦੀ ਹੈ। ਰੂਹ ਅਤੇ ਵਿਚਾਰਾਂ ਦੀ ਸ਼ੁੱਧਤਾ ਵਾਲੀ ਮਨੁੱਖ ਰੂਪੀ ਦੇਹ ਮਨੁੱਖੀ ਨੈਤਿਕਤਾ ਤੇ ਸੱਚ ਦੇ ਪਸਾਰੇ ਦਾ ਇਕ ਮਹੱਤਵਪੂਰਨ ਵਾਹਨ ਹੈ। ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਸਰੀਰ ਤੇ ਰੂਹ ਦੇ ਸਮੁੱਚੇ ਸੁਮੇਲ ਨੂੰ ਹਰਿਮੰਦਰ ਦੀ ਸੰਗਿਆ ਦਿੱਤੀ ਹੈ।

*ਹਰਿਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥*

(ਪੰਨਾ-346)

*ਹਰਿਮੰਦਰੁ ਹਰਿ ਸਾਜਿਆ ਹਰ ਵਸੈ ਜਿਸੁ ਨਾਲਿ ॥*
*ਗੁਰਮਤੀ ਹਰਿ ਪਾਇਆ ਮਾਇਆ ਮੋਹ ਪਰਜਾਲਿ ॥*

(ਪੰਨਾ-1418)

*ਹਰਿਮੰਦਰ ਮਹਿ ਹਰਿ ਵਸੈ ਸਰਬ ਨਿਰੰਤਰ ਸੋਇ ॥*
*ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ॥*

(ਪੰਨਾ-1346)

ਗੁਰਬਾਣੀ 'ਚ ਹਰਿਮੰਦਰੁ ਸ਼ਬਦ ਦੀ ਵਰਤੋਂ ਇਸ ਵਿਸ਼ਵ ਪਸਾਰੇ ਲਈ ਵੀ ਕੀਤੀ ਗਈ ਹੈ।

*ਹਰਿਮੰਦਰ ਏਹੁ ਜਗਤੁ ਹੈ ਗੁਰ ਬਿਨ ਘੋਰੰਧਾਰ ॥*
*ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥*

(ਪੰਨਾ-1346)

ਉਪਰੋਕਤ ਤਿੰਨ ਹਵਾਲਾ ਰੂਪੀ ਗੁਰਬਾਣੀ ਵਿਚਾਰਾਂ ਵਿਚ ਭਾਵੇਂ "ਹਰਿਮੰਦਰ" ਸ਼ਬਦ ਤੇ ਸੰਕਲਪ ਨੂੰ ਤਿੰਨ ਵੱਖ-ਵੱਖ ਪ੍ਰਸੰਗਾਂ ਵਿਚ ਵਰਤਿਆ ਗਿਆ ਹੈ ਪਰ ਇਨ੍ਹਾਂ ਤਿੰਨਾਂ ਵਿਚ ਇਕ ਗੱਲ ਸਾਂਝੀ ਹੈ ਕਿ ਇਨ੍ਹਾਂ ਵਿਚ ਸੱਚ ਦਾ ਵਾਸ ਹੈ ਤੇ ਇਹੋ ਹੀ "ਹਰਿਮੰਦਰ" ਦੀ ਪਹਿਲੀ ਸ਼ਰਤ ਹੈ।

## **ਮੀਰੀ-ਪੀਰੀ ਦੀ ਧਾਰਨਾ ਦਾ ਰੂਹਾਨੀ, ਧਾਰਮਿਕ ਤੇ ਸਮਾਜਿਕ ਪਰਿਪੇਖ**

ਸਮਾਜ ਅਤੇ ਜਗਤ ਨੂੰ ਜਦੋਂ ਕਿਸੇ ਵੀ ਤਰ੍ਹਾਂ ਦੇ ਅੰਦਰੂਨੀ ਤੇ ਬਾਹਰੀ ਵਿਰੋਧ ਦਾ

ਸਾਹਮਣਾ ਕਰਨਾ ਪੈਂਦਾ ਹੈ ਤਾਂ ਉਸ ਦੀ ਰਾਖੀ ਅਤੇ ਅਗਲੇਰੀ ਭੂਮਿਕਾ ਲਈ ਕਿਸੇ ਸ਼ਕਤੀ ਦੀ ਲੋੜ ਹੁੰਦੀ ਹੈ। ਜਦੋਂ ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖ ਲਹਿਰ ਦੇ ਇਕ ਵਿਸ਼ੇਸ਼ ਪੜਾਅ ਉੱਤੇ ਹਰਿਮੰਦਰ ਸਿਧਾਂਤ, ਸੰਸਥਾ ਅਤੇ ਸਥਾਨ ਦੇ ਸਾਹਮਣੇ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ, ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ, ਮੀਰੀ-ਪੀਰੀ ਦੇ ਸਿਧਾਂਤਾਂ ਦੀ ਧਾਰਨਾ ਨੂੰ ਸਿੱਖ ਕਿਰਿਆ ਸ਼ੀਲਤਾ ਅਤੇ ਸਮੁੱਚੇ ਵਿਚਾਰ ਦਾ ਆਧਾਰ ਬਣਾਇਆ, ਜਿਸ ਨੂੰ ਇਤਿਹਾਸ ਨੇ ਵੀ ਸੱਚ ਕਰ ਦਿੱਤਾ, ਤਾਂ ਕੀ ਇਨ੍ਹਾਂ ਦੋ ਪੂਰਕ ਸੰਸਥਾਵਾਂ ਦੀ ਸਥਾਪਨਾ ਨੂੰ ਇਸ ਦੇ ਵਿਸ਼ੇਸ਼ ਪ੍ਰਸੰਗ ਵਿਚ ਨਹੀਂ ਵਿਚਾਰਿਆ ਜਾਣਾ ਚਾਹੀਦਾ?

ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਸਿੱਖ ਮਾਨਸਿਕਤਾ ਵਿੱਚ 'ਮੀਰੀ' ਅਤੇ 'ਪੀਰੀ' ਦੀ ਧਾਰਨਾ ਅਤੇ ਕਿਰਿਆਸ਼ੀਲਤਾ ਦੇ ਪ੍ਰਵੇਸ਼ ਦੀ ਗਵਾਹੀ ਹੈ ਜੋ ਭਵਿੱਖ ਵਿੱਚ ਉਸ ਨੂੰ ਸ਼ਕਤੀ ਅਤੇ ਸਚਾਈ ਪ੍ਰਦਾਨ ਕਰਦੇ ਹਨ।

ਅਕਾਲ ਤਖ਼ਤ ਸਾਹਿਬ ਸਿੱਖ ਜੁਗਤਿ ਦਾ ਪ੍ਰਕਾਸ਼ਨ ਹੈ। ਮੀਰੀ-ਪੀਰੀ ਇਸ ਜੁਗਤਿ ਦੀਆਂ ਦੋ ਸ਼ਕਤੀਸ਼ਾਲੀ ਬਾਹਾਂ ਹਨ। ਅਕਾਲ ਤਖ਼ਤ ਦੀ ਸਥਾਪਨਾ ਨਾਲ ਸਿੱਖੀ ਦੇ ਗੁਰਮਤਿ ਸਿਧਾਂਤ, ਜੋ ਜ਼ਿੰਦਗੀ ਦੇ ਸਮੁੱਚ ਨੂੰ ਨਾਲ ਲੈ ਕੇ ਚਲਦੇ ਹਨ, ਨੂੰ 'ਮੀਰੀ' ਤੇ 'ਪੀਰੀ', ਭਗਤੀ ਤੇ ਸ਼ਕਤੀ, ਸੰਤ ਤੇ ਸਿਪਾਹੀ ਦੇ ਸੰਕਲਪ ਦੇ ਨਾਲ-ਨਾਲ ਜਥੇਬੰਦਕ ਤੇ ਵਿਵਹਾਰਕ ਆਧਾਰ ਮਿਲਿਆ। ਉਸ ਸਮੇਂ ਦੇ ਰਾਜਨੀਤਿਕ ਪਰਿਪੇਖ ਵਿਚ ਪੀਰੀ ਦੇ ਨਾਲ-ਨਾਲ ਮੀਰੀ ਭਾਵ ਸਟੇਟ ਦੀ ਸੱਤਾ ਜਾਂ ਗੁਰੂ ਘਰ ਦੀ ਰਾਜਨੀਤਿਕ ਧਾਰਾ ਨੂੰ ਠੋਸ ਆਧਾਰ ਦੇਣਾ ਹੋਰ ਵੀ ਜ਼ਰੂਰੀ ਹੋ ਗਿਆ ਸੀ ਕਿਉਂ ਜੋ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਮਿਲਣ ਵਾਲੀ ਗੁਰੂ ਅਗਵਾਈ, ਗੁਰੂ ਘਰ ਦੇ ਅੰਦਰੂਨੀ ਹਾਲਾਤ ਅਤੇ ਸਿੱਖੀ ਦੇ ਫੈਲਾਅ ਵੱਲ ਸਟੇਟ ਦੀਆਂ ਬਾਜ਼ ਅੱਖਾਂ ਲੱਗੀਆਂ ਹੋਈਆਂ ਸਨ। ਸਟੇਟ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਕੇ ਬੇਸ਼ਕ ਇਕ 'ਨੁਕਤੇ' ਦੀ ਪ੍ਰਾਪਤੀ ਕਰ ਲਈ ਸੀ ਪਰ ਸਿੱਖ ਮਾਨਸਿਕਤਾ ਨੂੰ ਆਪਣੇ ਵਿਰੁੱਧ ਵੀ ਕਰ ਲਿਆ ਸੀ। ਅਜਿਹੇ ਗੰਭੀਰ ਇਤਿਹਾਸਕ ਮੋੜ ਉੱਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਘਰ ਦੀ ਸ਼ਾਸਤਰਧਾਰੀ ਪ੍ਰੰਪਰਾ ਦੇ ਨਾਲ ਸ਼ਸਤਰਧਾਰੀ ਪ੍ਰੰਪਰਾ, ਦੀ ਬੁਨਿਆਦ ਵੀ ਰੱਖ ਦਿੱਤੀ ਸੀ। ਡਾ. ਬਲਕਾਰ ਸਿੰਘ ਦੇ ਸ਼ਬਦਾਂ ਵਿਚ, (ਅਕਾਲ ਤਖ਼ਤ-ਜੋਤਿ ਤੇ ਜੁਗਤਿ) "ਹਰਿਮੰਦਰ ਸਾਹਿਬ ਰਾਹੀਂ ਖਾਲਸਈ ਜੋਤਿ ਦੀ ਪ੍ਰਤੀਨਿਧਤਾ ਹੋ ਗਈ ਸੀ ਅਤੇ ਅਕਾਲ ਤਖ਼ਤ ਰਾਹੀਂ ਖਾਲਸਈ ਜੁਗਤਿ ਦੀ ਪ੍ਰਤੀਨਿਧਤਾ ਹੋ ਗਈ ਹੈ......'ਮੀਰੀ' ਤੇ 'ਪੀਰੀ' ਦੇ ਸੁਤੰਤਰ ਜਾਂ ਇਕ ਪਰਤੀ ਸੰਕਲਪਾਂ ਨੂੰ ਇਕ ਦੂਜੇ ਦੀ ਸਮਾਨਤਰਤਾ ਵਿਚੋਂ ਕੱਢ ਕੇ, ਇਕ ਦੂਜੇ ਦੇ ਪੂਰਕ ਵਜੋਂ ਸਾਹਮਣੇ ਲਿਆਉਣ ਨਾਲ ਗੁਰਮਤਿ ਦੇ ਸੁਤੰਤਰ ਸਮਸਰ-ਮਾਡਲ (Harmonized Model) ਦੀ ਸਥਾਪਨਾ ਹੋ ਗਈ ਹੈ। ਅਕਾਲ ਤਖ਼ਤ ਸਾਹਿਬ ਨੂੰ ਇਸ ਨਾਲੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਇਸੇ ਲਈ ਕਿਹਾ ਜਾ ਸਕਦਾ ਹੈ ਕਿ ਪੰਥਕ ਜਥੇਬੰਦੀ ਦਾ ਕਾਰਜ ਗੁਰਮਤਿ ਚਿੰਤਨ ਦੇ ਅਰੰਭ ਤੋਂ ਹੀ ਜੋਤਿ ਅਤੇ ਜੁਗਤਿ ਦੀ ਰੋਸ਼ਨੀ ਵਿਚ ਚਲਦਾ ਆ ਰਿਹਾ ਹੈ। ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਨਾਲ ਪੰਥਕ ਜਥੇਬੰਦੀ ਦੇ ਕਾਰਜ ਦਾ ਕੇਂਦਰੀਕਰਣ ਹੋ ਗਿਆ ਹੈ।"

ਸਮਾਜ ਨੂੰ ਪ੍ਰਭਾਵਤ ਕਰਨ ਵਾਲੀ ਹਰ ਲਹਿਰ ਦੇ ਪ੍ਰਤੀਬਿੰਬ ਦਾ ਰਾਜਨੀਤਕ ਖੇਤਰ ਵਿੱਚ ਪ੍ਰਵੇਸ਼ ਕਰਨਾ ਸੁਭਾਵਕ ਹੈ। ਸ੍ਰੀ ਹਰਿਮੰਦਰ ਦੇ ਪ੍ਰਕਾਸ਼ ਰਾਹੀਂ ਸਿੱਖਾਂ ਦੀਆਂ ਅਧਿਆਤਮਕ ਅਤੇ ਧਾਰਮਿਕ ਲੋੜਾਂ ਦੀ ਪੂਰਤੀ ਤਾਂ ਹੋ ਹੀ ਰਹੀ ਸੀ, ਸਿੱਖ ਭਾਈਚਾਰੇ ਦੀ ਜਥੇਬੰਦਕ ਜੁਗਤਿ ਦਾ ਕੇਂਦਰੀਕਰਣ ਅਕਾਲ ਤਖ਼ਤ ਦੀ ਸੰਸਥਾ ਰਾਹੀਂ ਹੋ ਗਿਆ। ਇਸ ਦੀ ਅਗਵਾਈ ਗੁਰੂ ਮਹਾਰਾਜ ਆਪ ਜ਼ਾਹਰ ਰੂਪ ਵਿਚ ਕਰ ਰਹੇ ਸਨ। ਉਨ੍ਹਾਂ ਧਰਮ ਤੇ ਰਾਜਨੀਤੀ (ਸੱਤਾ) ਦੀਆਂ ਪ੍ਰਤੀਕ

ਮੀਰੀ-ਪੀਰੀ ਦੀਆਂ ਦੋ ਕ੍ਰਿਪਾਨਾ ਪਹਿਨੀਆਂ। 'ਪੀਰੀ' ਦੀ ਕਿਰਪਾਨ ਧਰਮ ਤੇ ਰੂਹਾਨੀ ਖੇਤਰ ਵਿੱਚ ਉਨਤੀ ਦੀ ਲਖਾਇਕ ਸੀ, 'ਮੀਰੀ' ਦੀ ਕਿਰਪਾਨ ਗੁਰਮਤਿ ਦਾ ਸਮਾਜਕ ਪਰਿਪੇਖ ਅਤੇ ਸੰਭਾਵੀ ਸਿੱਖ ਸੰਘਰਸ਼ ਦੀ ਸੰਗਰੂਪਤਾ ਦਾ ਪ੍ਰਗਟਾਅ ਕਰਦੀ ਸੀ। ਇਸ ਲਈ ਸਿਧਾਂਤ ਤੇ ਕਾਰਜਕੁਸ਼ਲਤਾ ਦੇ ਖੇਤਰ ਵਿਚ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਇਕ ਦੂਜੇ ਦੀਆਂ ਪੂਰਕ ਸੰਸਥਾਵਾਂ ਦੇ ਰੂਪ ਵਿਚ ਹੋਈਆਂ ਜੋ ਸਮੇਂ ਦੀ ਕਸੌਟੀ ਉਤੇ ਇਕੋ ਸਮੇਂ ਇਕੱਠੀਆਂ ਹੁੰਦੀਆਂ ਹੋਈਆਂ ਵੀ ਵੱਖਰੀਆਂ ਹਨ। ਹਰਿਮੰਦਰ ਨੂੰ ਅਕਾਲ ਤਖ਼ਤ ਤੋਂ ਵੱਖ ਨਹੀਂ ਕੀਤਾ ਜਾ ਸਕਦਾ ਤੇ ਅਕਾਲ ਤਖ਼ਤ ਨੂੰ ਹਰਿਮੰਦਰ ਤੋਂ ਵੱਖਰਿਆਂ ਕਰਕੇ ਨਹੀਂ ਵੇਖਿਆ ਜ ਸਕਦਾ। ਦੋਨੋਂ ਸੰਸਥਾਵਾਂ ਨੂੰ ਅੰਮ੍ਰਿਤਸਰ ਤੋਂ ਦੂਰ ਨਹੀਂ ਲਿਜਾਇਆ ਜਾ ਸਕਦਾ। ਗੁਰਮਤਿ ਚਿੰਤਨ ਪ੍ਰਸੰਗ ਵਿਚ ਅਕਾਲ ਤਖ਼ਤ ਦੀ ਸਥਾਪਨਾ ਨੂੰ ਡਾ. ਬਲਕਾਰ ਸਿੰਘ ਆਪਣੀ ਪੁਸਤਕ, "ਅਕਾਲ ਤਖ਼ਤ ਸਾਹਿਬ ਜੋਤਿ ਤੇ ਜੁਗਤਿ" ਦੇ ਪੰਨਾ 3 ਉਤੇ ਇਸ ਤਰ੍ਹਾਂ ਬਿਆਨ ਕਰਦੇ ਹਨ :

"ਅਕਾਲ ਤਖ਼ਤ ਸਾਹਿਬ ਕੇਵਲ ਮਾਤਰ ਧਾਰਮਿਕ ਸਥਾਨ ਹੀ ਨਹੀਂ ਸਗੋਂ ਚਿੰਤਨ ਪ੍ਰਸੰਗ ਵਿਚ ਅਕਾਲ ਤਖ਼ਤ ਸਾਹਿਬ ਤਾਂ ਸਿੱਖੀ ਦੇ ਸਮੁੱਚ ਦਾ ਪ੍ਰਤੀਨਿਧਤਵ ਕਰਨ ਵਾਲਾ ਸੰਕਲਪੀ ਪ੍ਰਕਾਸ਼ਨ ਹੈ। ਇਸ ਸੰਕਲਪ ਦੇ ਬੀਜ ਗੁਰੂ ਨਾਨਕ ਦੇਵ ਜੀ ਦੇ ਚਿੰਤਨ ਵਿਚ ਵਿਦਮਾਨ ਹਨ ਅਤੇ ਇਸ ਸੰਕਲਪ ਨੂੰ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਪ੍ਰਗਟ ਕੀਤਾ ਸੀ। ਅਕਾਲ ਤਖ਼ਤ ਸਾਹਿਬ ਕਿਸੇ ਵਕਤੀ ਮਜਬੂਰੀ ਵਿਚੋਂ ਪੈਦਾ ਹੋਈ, ਵਕਤੀ ਲੋੜ ਦੀ ਪੂਰਤੀ ਲਈ, ਕਿਸੇ ਖਾਸ ਸਮੇਂ ਅਤੇ ਸਥਿਤੀ ਵਾਸਤੇ ਸਾਹਮਣੇ ਆਈ ਸੰਸਥਾ ਨਹੀਂ ਹੈ। ਸੰਸਥਾਵਾਂ ਨੂੰ ਇਹ ਤਿੰਨੇ ਬੰਧਨ ਰਹਿੰਦੇ ਹੀ ਹਨ ਪਰ ਅਕਾਲ ਤਖ਼ਤ ਸਾਹਿਬ ਸੰਸਥਾ ਵਜੋਂ ਇਨ੍ਹਾਂ ਤਿੰਨਾਂ ਬੰਧਨਾਂ ਤੋਂ ਮੁਕਤ ਹੈ। ਸੋ ਅਕਾਲ ਤਖ਼ਤ ਸਾਹਿਬ ਤਾਂ ਗੁਰਮਤਿ ਚਿੰਤਨ ਦਾ ਨਾ ਕੇਵਲ ਅਟੁੱਟ ਅੰਗ ਹੈ ਸਗੋਂ ਗੁਰਮਤਿ ਚਿੰਤਨ ਦੀ ਨੁਮਾਇੰਦਾ ਸੰਸਥਾ ਵੀ ਹੈ। ਇਸ ਲਈ ਇਸ ਦੀ ਸਿਰਜਣਾ ਅਤੇ ਸਾਜਨਾ ਉਸ ਸਿੱਖ ਅਧਿਆਤਮਿਕ ਜੁਗਤਿ ਦਾ ਭਾਗ ਹੈ, ਜਿਸ ਦੈਵੀ ਜੁਗਤਿ ਅਧੀਨ

***"ਧਰਮ ਚਲਾਵਨ ਸੰਤ ਉਭਾਰਨ ਦੁਸ਼ਟ ਸਭਨ ਕੋ ਮੂਲ ਉਪਾਰਨ"***

ਵਾਸਤੇ ਸਿੱਖ ਧਰਮ ਪ੍ਰਗਟ ਹੋਇਆ ਸੀ। ਇਸ ਵਾਸਤੇ ਅਕਾਲ ਤਖ਼ਤ ਸਾਹਿਬ ਆਪਣੇ ਆਪ ਵਿਚ ਸੰਪੂਰਨ ਗੁਰਮਤਿ ਸੰਕਲਪ ਹੈ ਅਤੇ ਜੱਥੇਬੰਦੀ ਦੀ ਪੱਧਰ ਤੇ ਚੜ੍ਹਦੀਕਲਾ ਵਾਲੇ ਜੀਵਨ ਵਾਸਤੇ ਪ੍ਰੇਰਨਾ ਵੀ ਹੈ। ਸਿੱਖ ਸਮਾਜ ਵਿਚ ਧਰਮ ਅਤੇ ਸਿਆਸਤ ਦੋਵੇਂ ਹੀ ਅਕਾਲ ਤਖ਼ਤ ਸਾਹਿਬ ਰਾਹੀਂ ਨਿਰਦੇਸ਼ਤ ਹੁੰਦੇ ਹਨ।

**ਅਕਾਲ ਤਖ਼ਤ ਤੇ ਹਰਿਮੰਦਰ ਸਾਹਿਬ ਦੋ-ਭਾਂਤੀ ਅਲੱਗ-ਅਲੱਗ ਨਜ਼ਰ ਆਉਂਦੀਆਂ ਸੰਸਥਾਵਾਂ ਦੇ ਨਾਲ-ਨਾਲ ਇਕ ਦੂਜੀ ਸੰਸਥਾ ਦੇ ਸੰਕਲਪੀ ਤੇ ਸੰਸਥਾਤਮਕ ਆਧਾਰਾਂ ਅਨੁਸਾਰ ਇਕ ਦੂਜੇ ਨੂੰ ਸ਼ਕਤੀ ਦਿੰਦੀਆਂ ਹਨ ਜਿਸ ਦਾ ਪ੍ਰਗਟਾਵਾ ਅਸਲ ਵਿਚ ਪੰਥ ਦੀ ਸਮੁੱਚੀ ਸ਼ਕਤੀ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਇਹ ਇਕ ਦੂਜੇ ਦੀਆਂ ਪੂਰਕ ਸੰਸਥਾਵਾਂ ਹਨ ਜਿਨ੍ਹਾਂ ਦੀ ਇਹ ਪੂਰਕਤਾ ਤੇ ਨੇੜਤਾ ਅਕਾਲ ਤਖ਼ਤ ਸਾਹਮਣੇ ਲੱਗੇ ਦੋ ਨਿਸ਼ਾਨ ਸਾਹਿਬ ਦੇ ਰੂਪ ਵਿਚ ਦ੍ਰਿਸ਼ਟਮਾਨ ਹੁੰਦੀ ਹੈ। ਆਪਸ ਵਿਚ ਜੁੜੇ ਹੋਏ ਦੋ ਨਿਸ਼ਾਨ ਸਾਹਿਬ ਵੱਖਰੇ-ਵੱਖਰੇ ਨਜ਼ਰ ਆਉਂਦੇ ਹਨ ਜਿਨ੍ਹਾਂ ਵਿਚੋਂ ੧ਓ ਦਾ ਪ੍ਰਕਾਸ਼ ਹੁੰਦਾ ਹੈ। ਇਹ ਚਿੰਨ੍ਹਾਤਮਿਕ ਨਿਸ਼ਾਨ ਉਪਰੋਕਤ ਵਿਚਾਰ ਨੂੰ ਤੇ ਇਸ ਸਬੰਧੀ ਸਮੁੱਚੀ ਫ਼ਿਲਾਸਫ਼ੀ ਨੂੰ ਹੀ ਬਿਆਨ ਕਰਦੇ ਹਨ।"**

ਮੀਰੀ-ਪੀਰੀ ਦੀ ਧਾਰਨਾ ਤੇ ਇਸ ਦੀ ਸਮਾਜਿਕਤਾ ਨੂੰ ਉਪਰੋਕਤ ਸੰਦਰਭ ਵਿਚ ਹੀ ਵਿਚਾਰਿਆ ਜਾਣਾ ਚਾਹੀਦਾ ਹੈ।

1606 ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਮੁੱਢਲਾ ਕਾਰਨ ਜਹਾਂਗੀਰ ਦੀ

ਗੁਰੂ ਘਰ ਪ੍ਰਤੀ ਅਪਣਾਈ ਗਈ ਕੱਟੜ ਨੀਤੀ ਸੀ। ਉਹ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਨੂੰ ਵੀ ਇਸਲਾਮ ਅਤੇ ਮੁਗ਼ਲ ਸਲਤਨਤ ਲਈ ਖ਼ਤਰਾ ਸਮਝਦਾ ਸੀ। ਮੈਕਾਲਿਫ਼ ਆਪਣੀ ਪੁਸਤਕ (Sikh Religion) ਦੀ ਸੈਂਚੀ ਤੀਜੀ ਦੇ ਪੰਨਾ 100 ਉਤੇ ਲਿਖਦਾ ਹੈ : *"ਸੋ ਗੁਰੂ ਅਰਜਨ ਆਪਣੀ ਪਵਿੱਤਰਤਾ, ਹਿੰਦੂਆਂ, ਮੁਸਲਮਾਨਾਂ ਨੂੰ ਸਿੱਖ ਬਣਾਉਣ, ਗ੍ਰੰਥ ਸਾਹਿਬ ਦਾ ਸੰਕਲਨ ਕਰਨ ਤੇ ਆਪਣੇ ਪਹਿਲੇ ਹਿਤਕਾਰੀ ਦੇ ਪੋਤੇ ਨੂੰ ਸਹਾਇਤਾ ਦੇਣ ਖਾਤਰ ਮੁਸਲਮਾਨ ਸ਼ਹਿਨਸ਼ਾਹ ਦੇ ਜ਼ੁਲਮ ਅਤੇ ਧਾਰਮਿਕ ਕੱਟੜਤਾ ਦਾ ਸ਼ਿਕਾਰ ਬਣੇ।"* ਸ੍ਰੀ ਆਦਿ ਗ੍ਰੰਥ ਦਾ ਪ੍ਰਕਾਸ਼ ਹਰਿਮੰਦਰ ਵਿਚ ਹੋਇਆ। ਹਰਿਮੰਦਰ ਸਿੱਖੀ ਦਾ ਪ੍ਰਾਣ ਕੇਂਦਰ ਬਣ ਗਿਆ। ਸਿੱਖੀ ਤੇ ਸਿੱਖ ਸਿਧਾਂਤ ਵਕਤ ਦੀ ਮੁਗ਼ਲ ਸੱਤਾ ਨੂੰ ਆਪਣੀ ਹੋਂਦ ਲਈ ਖ਼ਤਰਾ ਪ੍ਰਤੀਤ ਹੋਣ ਲੱਗੇ। ਗੁਰੂ ਘਰ ਦੀ 'ਸੱਤਾ' ਦੀ ਵਾਗਡੋਰ ਗੁਰੂ ਹਰਿਗੋਬਿੰਦ ਸਾਹਿਬ ਕੋਲ ਆ ਗਈ ਸੀ। ਸੋ ਸਾਲ ਪੁਰਾਣੀ ਸਿੱਖ ਮੰਗ ਕਰਦੀਆਂ ਸਨ ਕਿ ਇਸ ਨੂੰ ਹੋਰ ਸ਼ਕੀਤਸ਼ਾਲੀ ਬਣਾਇਆ ਜਾਏ। ਭਗਤੀ ਅਤੇ ਸ਼ਕਤੀ ਦੇ ਸੁਮੇਲ ਕੀ ਲੋੜ ਦ੍ਰਿਸ਼ਟੀਗੋਚਰ ਹੋ ਰਹੀ ਸੀ।

ਇਕ ਨਿਰਮੂਲ ਪ੍ਰਸ਼ਨ ਉਠਾਇਆ ਜਾ ਸਕਦਾ ਹੈ ਕਿ ਜੇਕਰ ਮੁਗ਼ਲ ਸੱਤਾ, ਸਿੱਖ ਪੰਥ ਤੇ ਗੁਰੂ ਸਾਹਿਬ ਦਾ ਵਿਰੋਧ ਨਾ ਕਰਦੀ ਤੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾ ਹੁੰਦੀ ਤਾਂ ਕੀ ਅਕਾਲ ਤਖਤ ਸਾਹਿਬ ਅਥਵਾ ਮੀਰੀ-ਪੀਰੀ ਦੇ ਸਿਧਾਂਤ ਦੀ ਬੁਨਿਆਦ ਰੱਖੀ ਜਾਂਦੀ? ਪਰ ਜਿਸ ਵਿਚਾਰ ਦੀਆਂ ਕੜੀਆਂ ਅਸੀਂ ਉਪਰ ਜੋੜੀਆਂ ਹਨ ਉਨ੍ਹਾਂ ਨੂੰ ਧਿਆਨ ਵਿਚ ਰੱਖਦਿਆਂ ਸਪੱਸ਼ਟ ਹੈ ਕਿ ਜਿਵੇਂ ਹਰਿਮੰਦਰ ਰੂਪੀ ਸਰੀਰ ਦੇ ਅੰਦਰ ਹੀ ਵਿਰੋਧ ਜਾਂ ਉਲਟ ਬਿਰਤੀਆਂ ਬੈਠੀਆਂ ਹਨ, ਉਸੇ ਤਰ੍ਹਾਂ ਹੀ ਹਰਿਮੰਦਰ ਦੀ ਸਥਾਪਨਾ ਨਾਲ ਇਸ ਦਾ ਅੰਦਰੋਂ ਤੇ ਬਾਹਰੋਂ ਵਿਰੋਧ ਹੋਣਾ ਕੁਦਰਤੀ ਸੀ। ਇਤਿਹਾਸ ਸਿਰਜਣ ਸ਼ਕਤੀਆਂ ਦਾ ਜ਼ੋਰ ਹੀ ਕੁਝ ਅਜਿਹਾ ਹੁੰਦਾ ਹੈ ਕਿ ਉਹ ਸਿਧਾਂਤਕ ਸੰਸਥਾਵਾਂ ਤੇ ਸੰਕਲਪਾਂ ਦੀ ਨੀਂਹ, ਸਮੇਂ ਦੀਆਂ ਪੈੜਾਂ ਉਤੇ ਆਪ ਹੀ ਮੂਰਤੀਮਾਨ ਹੋ ਜਾਂਦੀ ਹੈ।

ਕੂੜ ਤੇ ਜ਼ਬਰ ਜ਼ੁਲਮ ਦਾ ਵਿਰੋਧ ਕਰਨਾ ਸਿੱਖੀ ਦਾ ਵਿਸ਼ੇਸ਼ ਸਿਧਾਂਤ ਹੈ। ਬਾਬਰ ਦੇ ਜ਼ੁਲਮ ਅੱਗੇ ਜਦੋਂ ਸਾਰਾ ਹਿੰਦੋਸਤਾਨ ਚੁੱਪ ਸੀ ਤਾਂ ਗੁਰੂ ਨਾਨਕ ਨੇ 'ਮੀਰੀ' ਤੇ 'ਪੀਰੀ' ਦੇ ਸਿਧਾਂਤ ਅਥਵਾ ਅਕਾਲ ਤਖ਼ਤ ਦੀ ਨੀਂਹ ਰੱਖ ਦਿੱਤੀ ਸੀ। ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਸੁਯੋਗ ਨੌਜਵਾਨ ਅਗਵਾਈ ਹੇਠਾਂ ਸਿੱਖਾਂ ਦੀ ਰੂਹਾਨੀਅਤ ਨੂੰ ਅਜਿਹਾ ਨਵਾਂ ਰੂਪ ਮਿਲਣਾ ਕੁਦਰਤੀ ਸੀ। ਗੁਰੂ ਨਾਨਕ ਵਲੋਂ ਰੱਖੀ ਨੀਂਹ ਉਤੇ ਅਕਾਲ ਤਖ਼ਤ ਰੂਪੀ ਮਹਿਲ ਨੇ ਉਸਰਨਾ ਹੀ ਸੀ, ਸਿਰਫ਼ ਯੋਗ ਸਮੇਂ ਦੀ ਉਡੀਕ ਸੀ। ਇਹ ਅਕਾਲ ਪੁਰਖ ਤੇ ਗੁਰੂ ਦੇ ਕੌਤਕ ਹੀ ਹੁੰਦੇ ਹਨ ਜਿਨ੍ਹਾਂ ਨੂੰ ਮੰਨਣਾ ਤੇ ਇਤਿਹਾਸ ਨੂੰ ਸਿਧਾਂਤ ਰੂਪ ਵਿਚ ਪ੍ਰਵਾਨ ਕਰ ਲੈਣਾ ਸਾਡੇ ਵਾਸਤੇ ਜ਼ਰੂਰੀ ਹੁੰਦਾ ਹੈ। ਜਦੋਂ ਇਤਿਹਾਸ ਸਿਧਾਂਤ ਦੀ ਮਾਰ ਹੇਠ ਸਿਰਜੀਂਦਾ ਹੈ ਤਾਂ ਉਹ ਇਤਿਹਾਸ ਵਿਚੋਂ ਵੀ ਆਪਣੇ ਅੰਕੁਰ ਤੇ ਨਕਸ਼ ਉਜਾਗਰ ਕਰਦਾ ਹੈ। ਡਾ. ਬਲਕਾਰ ਸਿੰਘ ਆਪਣੀ ਉਪਰੋਕਤ ਪੁਸਤਕ ਦੇ ਪੰਨਾ ਗਿਆਰਾਂ ਉੱਤੇ ਲਿਖਦੇ ਹਨ "ਇਤਿਹਾਸ ਨੂੰ ਸਿਧਾਂਤ ਨਾਲੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ ਕਿਉਂਕਿ ਇਤਿਹਾਸਕਤਾ ਸਿਧਾਂਤ ਦਾ ਪ੍ਰਗਟਾਵਾ ਹੀ ਤਾਂ ਹੈ। ਸਿਧਾਂਤ ਨਾਲੋਂ ਟੁੱਟੀ ਹੋਈ ਇਤਿਹਾਸਕਤਾ ਦਾ ਮੋਹ, ਮਨੁੱਖ ਦੀ ਸੋਚ ਨੂੰ ਸੀਮਤ ਕਰਦਾ ਹੈ ਅਤੇ ਪਹੁੰਚ ਨੂੰ ਕੱਟੜ ਬਣਾਉਂਦਾ ਹੈ। ਇਤਿਹਾਸ ਦੀ ਸਾਰਥਕਤਾ ਵਰਤਮਾਨ ਦੀ ਸਦ ਪ੍ਰਸੰਗਕਤਾ ਵਿਚ ਹੈ। ਇਤਿਹਾਸ ਉਹੀ ਸਾਰਥਿਕ ਹੈ, ਜਿਸ ਦਾ ਭੂਤ ਤੇ ਭਵਿੱਖ, ਸਿਧਾਂਤ ਵਿਚੋਂ ਲੱਭ ਵੀ ਸਕਦਾ ਹੈ ਤੇ ਸਿਧਾਂਤ ਦਾ ਪ੍ਰਕਾਸ਼ ਵੀ ਹੁੰਦਾ ਹੈ। ਇਤਿਹਾਸ ਦੀ ਸਕ੍ਰਿਅਤਾ ਭੂਤ-ਮੂਲਕ ਹੋਣ ਵਿਚ ਅਤੇ ਭਵਿੱਖ ਮੁਖੀ ਰਹਿਣ ਨਾਲ ਅਕਸਰ ਭਵਿੱਖ ਗੁਆਚ ਜਾਂਦਾ ਹੈ। ਸੋ ਸਿਧਾਂਤ-ਮੂਲਕ ਇਤਿਹਾਸ ਹੀ *'ਪੁਤ ਸਪੁਤ ਕਰੇਨਿ'*

ਦੀ ਭੂਮਿਕਾ ਨਿਭਾ ਸਕਦਾ ਹੈ। ਇਤਿਹਾਸ ਦੀ ਵਰਤਮਾਨ ਜਾਂ ਸਮਕਾਲੀਨ ਪ੍ਰਸੰਗਕਤਾ ਅਤੇ ਸਥਾਪਤੀ ਬਹੁਤ ਜ਼ਰੂਰੀ ਹੁੰਦੀ ਹੈ ਅਤੇ ਇਹ ਕੇਵਲ ਸਿਧਾਂਤ ਦੀ ਰੌਸ਼ਨੀ ਵਿਚ ਹੀ ਕੀਤੀ ਜਾ ਸਕਦੀ ਹੈ। ਅਕਾਲ ਤਖ਼ਤ ਸਾਹਿਬ ਸਿਧਾਂਤ ਦੀ ਸਦ-ਪ੍ਰਸੰਗਕਤਾ ਨੂੰ ਸਥਾਪਤ ਕਰਨ ਵਾਲਾ ਕੌਮੀ ਕੇਂਦਰ ਸਾਬਤ ਹੋ ਚੁੱਕਾ ਹੈ। ਅਕਾਲ ਤਖ਼ਤ ਸਾਹਿਬ ਨੂੰ ਪ੍ਰੇਰਨਾ ਹਮੇਸ਼ਾ ਹਰਿਮੰਦਰ ਸਾਹਿਬ (ਸਿੱਖ ਸਿਧਾਂਤ) ਤੋਂ ਹੀ ਪ੍ਰਾਪਤ ਹੁੰਦੀ ਰਹੀ ਹੈ।"

ਸੋ ਸਪੱਸ਼ਟ ਹੋਇਆ ਕਿ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੋਈ ਵਕਤੀ ਘਟਨਾ ਨਹੀਂ ਸੀ ਸਗੋਂ ਇਹ "ਹਰਿਮੰਦਰ" ਦੀ ਲੋੜ ਸੀ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਿਆਈ ਦੀਆਂ ਜ਼ਿੰਮੇਵਾਰੀਆਂ ਸੌਂਪਣ ਲਈ ਹਰਿਮੰਦਰ ਦੁਆਲੇ ਸਿੱਖ ਸੰਗਤਾਂ ਦਾ ਇਕ ਵਿਸ਼ੇਸ਼ ਇਕੱਠ ਹੋਇਆ ਤਾਂ ਉਨ੍ਹਾਂ ਨੇ ਦੋ ਕਿਰਪਾਨਾਂ ਦੀ ਮੰਗ ਕੀਤੀ। ਗੁਰਿਆਈ ਦੀ ਰਸਮ ਸਮੇਂ ਉਨ੍ਹਾਂ ਇਕ ਕਿਰਪਾਨ ਆਪਣੇ ਸਰੀਰ ਦੇ ਸੱਜੇ ਅਤੇ ਦੂਜੀ ਨੂੰ ਆਪਣੇ ਖੱਬੇ ਪਾਸੇ ਪਹਿਨ ਲਿਆ। ਉਨ੍ਹਾਂ ਨੇ ਇਨ੍ਹਾਂ ਨੂੰ 'ਮੀਰੀ' ਤੇ 'ਪੀਰੀ' ਦੀਆਂ ਕਿਰਪਾਨਾਂ ਕਹਿਣ ਦੇ ਹੁਕਮ ਕੀਤੇ। ਇਕ ਕਿਰਪਾਨ ਸਿੱਖ 'ਮੀਰੀ' ਦੀ ਤੇ ਦੂਜੀ ਸਿੱਖ 'ਪੀਰੀ' ਦੀ ਪ੍ਰਤੀਕ ਸੀ। ਮੀਰੀ ਦੀ ਕਿਰਪਾਲ ਸਿੱਖ ਦੀ ਰਾਜਨੀਤਕ ਪ੍ਰਭੁਤਾ ਦੀ ਰਖਿਆ ਲਈ ਹੈ ਜਦ ਕਿ ਪੀਰੀ ਦੀ ਕਿਰਪਾਨ ਉਸ ਦੀ ਅਗਿਆਨਤਾ ਅਤੇ ਭਰਮ ਭੁਲੇਖਿਆਂ ਤੋਂ ਸੁਰੱਖਿਅਤ ਰਖਦੇ ਹੋਏ ਉਸ ਨੂੰ ਅਧਿਆਤਮਕ ਮਾਰਗ ਦਾ ਪਾਂਧੀ ਬਣਾਵੇਗੀ। ਸ਼ਸਤਰ ਸਿੱਖ ਦਾ ਅੰਗ ਬਣ ਗਏ। ਘੋੜੇ ਤੇ ਹੋਰ ਸ਼ਸਤਰ ਬਸਤਰ ਉਸਦੇ ਨਿੱਤ ਦਾ ਸ਼ਿੰਗਾਰ ਸਨ। ਸਿੱਖ ਰੂਹਾਨੀਅਤ ਨਾਲ ਲਬਰੇਜ਼ ਹਰਿਮੰਦਰ ਦਾ ਆਲਾ ਦੁਆਲਾ ਘੋੜ ਸਵਾਰ ਮੁਕਾਬਲਿਆਂ, ਪਹਿਲਵਾਨੀ ਅਖਾੜਿਆਂ, ਛਿੰਝਾਂ, ਸ਼ਸਤਰ ਸਿਖਲਾਈ, ਨਵੀਆਂ ਹਥਿਆਰਬੰਦ ਖੇਡਾਂ ਤੇ ਅਕਾਲ ਦੇ ਜੈਕਾਰਿਆਂ' ਦੇ ਰੂਹਾਨੀ ਰੰਗ ਵਿਚ ਰੰਗਿਆ ਗਿਆ ਸੀ। ਹਰਿਮੰਦਰ ਦੇ ਸਾਹਮਣੇ ਹਰਿਮੰਦਰ ਤੋਂ ਸ਼ਕਤੀ ਪ੍ਰਾਪਤ ਕਰਦਾ ਅਕਾਲ ਬੁੰਗਾ (ਤਖ਼ਤ), ਗੁਰੂ ਦੇ ਨਵੇਂ ਸ਼ਕਤੀ ਅੰਦਾਜ਼ ਵਿਚ ਬੈਠਣ ਤੇ ਸਿੱਖ ਸਮਾਜ ਦੀਆਂ ਸਮੱਸਿਆਵਾਂ ਨੂੰ ਵਿਚਾਰਨ ਤੇ ਸਮੁੱਚੀ ਸਿੱਖ ਸਮਾਜਿਕਤਾ ਦੇ ਵੱਖ-ਵੱਖ ਪਹਿਲੂਆਂ ਅਥਵਾ ਮਸਲਿਆਂ ਬਾਰੇ ਫੈਸਲੇ ਲੈਣ ਦਾ ਇਕ ਕੇਂਦਰ ਬਣ ਗਿਆ ਜਿਥੇ "***ਗੁਸਾਈ ਦਾ ਪਹਿਲਵਾਨੜਾ***", "***ਉੱਚੇ ਦਮਾਲੇ***" ਸਜਾ ਕੇ ਅਕਾਲ ਦੇ ਸਾਜੇ ਇਸ ਸਿੱਖ ਪੰਥ ਨੂੰ ਨਵੀਂ ਸੇਧ ਵਿਖਾ ਰਿਹਾ ਸੀ। ਸਪੱਸ਼ਟ ਹੋਇਆ ਕਿ ਅਕਾਲ ਤਖ਼ਤ ਸਾਹਿਬ ਹਰਿਮੰਦਰ ਦਾ ਹੀ ਇਕ ਰੂਪ ਹੈ ਜੋ ਹਰਿਮੰਦਰ ਦੀ ਰਾਖੀ ਲਈ, ਹਰਿਮੰਦਰ ਦੀ ਲੋੜ 'ਚੋਂ ਪੈਦਾ ਹੋਇਆ। ਹਰਿਮੰਦਰ 'ਮੀਰੀ' ਤੇ 'ਪੀਰੀ' ਦੀ ਸ਼ਕਤੀ ਦਾ ਸਿਧਾਂਤਕ ਸ੍ਰੋਤ ਹੈ ਤੇ ਅਕਾਲ ਤਖ਼ਤ 'ਮੀਰੀ' ਤੇ 'ਪੀਰੀ' ਦੀ ਰਾਖੀ ਲਈ ਇਸੇ ਦਾ ਹੀ ਅਮਲੀ ਪ੍ਰਗਟਾਵਾ ਹੈ।

**"ਦੋਨੋਂ ਕਿਰਪਾਨਾਂ ਦੀ ਰੂਹਾਨੀਅਤ ਅਤੇ ਸਮਾਜਿਕਤਾ ਨੂੰ ਸਮਝਣ ਦੀ ਲੋੜ ਹੈ"**

ਗੁਰੂ ਹਰਿਗੋਬਿੰਦ ਸਾਹਿਬ ਦੇ ਯਤਨਾਂ ਨਾਲ ਸਿੱਖ ਲਹਿਰ ਵਿਚ ਇਕ ਸਪੱਸ਼ਟ ਮੋੜ ਆਇਆ ਜਿਸ ਨਾਲ ਸਿੱਖ ਧਰਮ ਮਹਿਜ਼ ਫਕੀਰਾਂ ਦਾ ਧਰਮ ਹੀ ਨਾ ਰਿਹਾ ਸਗੋਂ ਸਰੀਰਕ ਤੌਰ ਤੇ ਬਲਵਾਨ, ਰੂਹਾਨੀ, ਗ੍ਰਿਹਸਤੀ ਅਤੇ ਸ਼ਸਤਰਧਾਰੀਆਂ ਦਾ ਧਰਮ ਵੀ ਬਣ ਗਿਆ। 'ਮੀਰੀ' ਦੀ ਕਿਰਪਾਨ ਸਿੱਖ ਰਾਜਸੀ ਆਕਾਂਖਿਆਵਾਂ ਦਾ ਪ੍ਰਗਟਾਵਾ ਸੀ ਜੋ ਸ਼ਾਹ ਜਹਾਨ ਦੇ ਬਾਜ਼ ਦੇ ਸਿੱਖਾਂ ਵਲੋਂ ਪਕੜੇ ਜਾਣ ਉੱਤੇ ਸਿੱਖਾਂ ਵਲੋਂ ਦਰਸਾਈ ਪ੍ਰਤੀਕਿਰਿਆ ਤੋਂ ਵੀ ਸਪੱਸ਼ਟ ਹੋ ਜਾਂਦਾ ਹੈ। ਜਦੋਂ ਗੁਰੂ ਸਾਹਿਬ ਦੀ ਸ਼ਖ਼ਸੀਅਤ ਵਿਚ ਹੀ ਸਿੱਖ ਰੂਹਾਨੀਅਤ ਅਥਵਾ ਅਧਿਆਤਮਿਕਤਾ ਤੇ ਧਾਰਮਿਕਤਾ ਦੀ ਅਗਵਾਈ ਨਿਹਿਤ ਸੀ ਤਾਂ ਉਹ ਇਸ ਨੂੰ ਪ੍ਰਤੀਕਾਤਮਕ

ਰੂਪ ਵਿਚ ਪ੍ਰਗਟਾਉਣ ਲਈ ਮਾਲਾ ਜਾਂ ਕੋਈ ਹੋਰ ਅਜਿਹੀ ਚੀਜ਼ ਵੀ ਪਹਿਨ ਸਕਦੇ ਸਨ। ਉਹ 'ਪੀਰ' ਦੇ ਨਾਲ ਨਾਲ 'ਮੀਰ' ਵੀ ਬਣ ਗਏ ਸਨ ਅਤੇ ਦੋਨੋਂ ਜ਼ਿੰਮੇਵਾਰੀਆਂ ਬਾਖ਼ੂਬ ਨਿਭਾ ਰਹੇ ਸਨ। ਪਰ ਅਜਿਹੀ ਅਗਵਾਈ ਪ੍ਰਤੀਕ ਰੂਪ ਵਿਚ ਕੇਵਲ ਇਕ ਕਿਰਪਾਨ ਨਾਲ ਵੀ ਹੋ ਸਕਦੀ ਸੀ। ਇਸ ਪਖੋਂ ਗੁਰੂ ਹਰਿਗੋਬਿੰਦ ਸਾਹਿਬ ਦੀ ਸੋਚ ਦੇ ਵਾਰਸ ਗੁਰੂ ਖ਼ਾਲਸਾ ਪੰਥ ਲਈ ਸਪੱਸ਼ਟ ਹੋ ਕੇ ਚੱਲਣਾ ਬੜਾ ਜ਼ਰੂਰੀ ਹੈ। ਕੁਝ ਸਿੱਖ ਵਿਦਵਾਨ, ਸਿੱਖ ਸਿਧਾਂਤਕਾਰ, ਰਾਜਨੀਤਕ ਆਗੂ ਤੇ ਹੋਰ ਸਬੰਧਿਤ ਵਿਆਖਿਆਕਾਰ ਅਕਾਲ ਤਖ਼ਤ ਸਾਹਿਬ ਨੂੰ ਸਮੇਂ ਦੀ ਮੁਗ਼ਲ ਸੱਤਾ ਦੇ ਵਿਰੋਧ ਜਾਂ ਟਕਰਾਓ ਵਿਚ ਸਥਾਪਤ ਹੋਈ ਸੰਸਥਾ ਦੇ ਰੂਪ ਵਿਚ ਹੀ ਵੇਖਦੇ ਹਨ। ਉਹ ਸਿੱਖਾਂ ਵਲੋਂ ਰਾਜਨੀਤੀ ਵਿਚ ਹਿੱਸਾ ਲੈਣ ਜਾਂ ਨਾ ਲੈਣ ਲਈ ਜਾਂ ਸਿੱਖਾਂ ਦੇ ਰਾਜਸੀ ਹੱਕਾਂ ਬਾਰੇ ਸਿੱਖ ਵਿਰੋਧੀਆਂ ਤੇ ਵਿਸ਼ਵ ਵਿਦਵਾਨਾਂ ਵਲੋਂ ਉਠਾਏ ਗਏ ਪ੍ਰਸ਼ਨਾਂ ਦੇ ਸਪੱਸ਼ਟੀਕਰਨ ਹੀ ਦਿੰਦੇ ਰਹਿੰਦੇ ਹਨ। ਉਹ 'ਮੀਰੀ' ਤੇ 'ਪੀਰੀ' ਦੇ ਵਿਸ਼ਾਲ ਸਿਧਾਤਾਂ ਦੇ ਅਮਲੀ ਪ੍ਰਗਾਵੇ ਦੀ ਰਮਜ਼ ਨੂੰ ਸਮਝਣ ਤੋ ਬਿਨਾਂ ਹੀ ਰੱਖਿਆਤਮਕ ਹੋ ਜਾਂਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਵਲੋਂ "ਪੀਰੀ ਦੀ ਕਿਰਪਾਨ" ਧਾਰਨ ਕਰਨ ਪਿਛੇ ਕੀ ਰਮਜ਼ ਸੀ, ਇਸ ਵੱਲ ਉਨ੍ਹਾਂ ਵਿਦਵਾਨਾਂ ਦਾ ਧਿਆਨ ਘੱਟ ਹੀ ਜਾਂਦਾ ਹੈ।

ਹਰਿਮੰਦਰ ਸਾਹਿਬ ਵਿਚ ਸਿੱਖ ਦੀ ਹਲਤਮੁਖੀ ਤੇ ਪਲਤਮੁਖੀ ਪ੍ਰਭੂਸੱਤਾ, ਸਿਧਾਂਤ ਰੂਪ ਵਿਚ ਸ਼ਾਮਲ ਹੈ। ਅਕਾਲ ਤਖ਼ਤ ਸਾਹਿਬ ਇਨ੍ਹਾਂ ਦਾ ਅਮਲੀ ਪ੍ਰਗਟਾਵਾ ਕਰਦਾ ਹੈ। ਇਨ੍ਹਾਂ ਨੂੰ ਦੋ ਅਲਗ ਸੰਸਥਾਵਾਂ ਵਿਚ ਵੰਡ ਕੇ ਨਹੀਂ ਵੇਖਿਆ ਜਾ ਸਕਦਾ।

ਇੱਥੇ ਇਸ ਲੰਮੇ ਪ੍ਰਸ਼ਨ ਦੇ ਤਿੰਨ ਪਹਿਲੂ ਹਨ। ਪਹਿਲਾ ਨੁਕਤਾ 'ਮੀਰੀ' ਦੀ ਕਿਰਪਾਨ ਦੀ ਮਹੱਤਤਾ ਦੇ ਨਾਲ ਨਾਲ 'ਪੀਰੀ' ਦੀ ਕਿਰਪਾਨ ਦੀ ਮਹੱਤਤਾ ਬਾਰੇ ਹੈ। ਦੂਜਾ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦੀ ਬੁਨਿਆਦ "ਹਰਿਮੰਦਰ" ਦੀ ਰਾਖੀ ਦੀ ਲੋੜ ਵਿਚੋਂ ਉਪਜੇ ਘਟਨਾਕ੍ਰਮ ਨਾਲ ਸਬੰਧਿਤ ਹੈ। ਤੀਜਾ ਪਹਿਲੂ, ਸੱਚ ਤੇ ਝੂਠ ਦੇ ਆਪਸੀ ਵਿਰੋਧ ਦੇ ਦਵੰਦ ਵਿਚ ਸਚਾਈ ਦਾ ਨਿਤਾਰਾ ਕਿਵੇਂ ਹੋ ਸਕੇਗਾ? ਜਿਸ ਨਾਲ ਇਤਿਹਾਸ ਦੀਆਂ ਪੈੜਾਂ ਉਤੇ ਹਮੇਸ਼ਾ ਸੱਚ ਦੀ ਜਿੱਤ ਹੋਣ ਦਾ ਵਿਸ਼ਵਾਸ ਕਾਇਮ ਰਹਿ ਸਕੇ? ਦੂਜੇ ਪਹਿਲੂ ਨੂੰ ਅਸੀਂ ਇੰਝ ਵੀ ਕਹਿ ਸਕਦੇ ਹਾਂ ਸਿੱਖ ਪੰਥ ਪਿਛਲੀਆਂ ਪੰਜ ਸ਼ਤਾਬਦੀਆਂ ਵਿਚ ਦਿੱਲੀ ਦੇ ਵਿਰੋਧ ਵਿਚ ਰਿਹਾ ਹੈ, ਜੇਕਰ ਸਿੱਖ ਪੰਥ ਦੀ ਮੂਲ ਆਤਮਾ ਟਕਰਾਓ ਦੀ ਰਾਜਨੀਤੀ ਨੂੰ ਤਿਆਗ ਕੇ ਸਹਿਯੋਗ ਦੀ ਰਾਜਨੀਤੀ ਦੀ ਪਹੁੰਚ ਅਪਣਾ ਲੈਂਦੀ ਹੈ ਜਾਂ ਕੇਂਦਰ ਅਤੇ ਸਿੱਖ ਪੰਥ ਵਿਚਕਾਰ ਆਪਸੀ ਸੁਲਾਹ ਸਫ਼ਾਈ ਅਤੇ ਸਹਿਯੋਗ ਦਾ ਵਾਤਾਵਰਣ ਬਣ ਜਾਂਦਾ ਹੈ ਤਾਂ ਉਸ ਹਾਲਤ ਵਿਚ ਅਕਾਲ ਤਖ਼ਤ ਦੀ ਕੀ ਭੂਮਿਕਾ ਹੋਵੇਗੀ?

ਸੋ ਮੈਂ ਪਹਿਲੇ ਨੁਕਤੇ ਨੂੰ ਪਹਿਲਾਂ ਲੈਂਦਾ ਹਾਂ ਜੋ 'ਪੀਰੀ' ਦੀ ਕਿਰਪਾਨ ਨਾਲ ਸਬੰਧ ਰੱਖਦਾ ਹੈ। ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਇਸ ਦੀ ਮੂਲ ਆਤਮਾ ਵਾਂਗ ਹੈ ਜਿਸ ਨੂੰ ਹਰਿਮੰਦਰ ਸਾਹਿਬ ਸਥਾਨ 'ਮਨੁੱਖੀ ਕਾਇਆ' ਵਾਂਗ ਮਿਲ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖੀ ਦੇ ਮੂਲ ਸਿਧਾਂਤਾਂ ਅਤੇ ਵਿਚਾਰਧਾਰਾ ਦਾ ਮੂਲ ਸ੍ਰੋਤ ਹਨ। ਜਿਸ ਮਨੁੱਖੀ ਮਾਡਲ ਦਾ ਸੰਕਲਪ ਗੁਰੂ ਗ੍ਰੰਥ ਸਾਹਿਬ ਪੇਸ਼ ਕਰਦੇ ਹਨ, ਉਸ ਮਨੁੱਖ ਵਿਚ ਰੂਹਾਨੀਅਤ (ਅਧਿਆਤਮਿਕਤਾ), ਧਾਰਮਿਕਤਾ ਤੇ ਰਾਜਨੀਤੀ ਸਮੇਤ ਸਮੁੱਚੀ ਸਮਾਜਿਕਤਾ ਇਕੋ ਸਮੇਂ ਨਿਹਿਤ ਹੈ। ਸਿੱਖ ਦੀ ਇਸ ਸਮੁੱਚੀ ਸ਼ਖ਼ਸੀਅਤ ਨੂੰ 'ਮੀਰੀ' ਤੇ 'ਪੀਰੀ' ਦੇ ਸੰਕਲਪਾਂ ਅਧੀਨ ਲਿਆ ਜਾ ਸਕਦਾ ਹੈ। ਪਰ 'ਮੀਰੀ' ਤੇ 'ਪੀਰੀ' ਦੀਆਂ ਅਮਲੀ ਤੇ ਵਿਹਾਰਕ ਪੇਚੀਦਗੀਆਂ ਨੂੰ ਵੇਖਦੇ ਹੋਏ ਗੁਰੂ ਨੇ ਆਪਣੇ ਫ਼ੈਸਲੇ ਅਨੁਸਾਰ, ਜਿਸ ਦੀ ਬਾਅਦ ਵਿਚ ਗੁਰੂ

ਖ਼ਾਲਸਾ ਪੰਥ ਪਾਲਣਾ ਕਰਦਾ ਆ ਰਿਹਾ ਹੈ, ਹਰਿਮੰਦਰ ਸਾਹਿਬ ਨੂੰ ਕੇਵਲ ਰੂਹਾਨੀਅਤ ਦਾ ਕੇਂਦਰ ਹੀ ਬਣਾ ਦਿੱਤਾ ਜਿੱਥੇ ਸਿੱਖ ਦੀ ਮੁਢਲੀ ਤਿਆਰੀ ਕੀਤੀ ਜਾਂਦੀ ਹੈ। ਹਰਿਮੰਦਰ ਸਾਹਿਬ ਇਕ ਸਿੱਖ ਵਿਚਲੇ ਹਰਿਮੰਦਰ ਦੇ ਸਾਖ਼ਸ਼ੀ ਪ੍ਰਗਟਾਵੇ ਲਈ ਰੂਹਾਨੀਅਤ ਦੀ ਸਾਧਨਾ ਰਾਹੀਂ ਉਸ ਨੂੰ ਗੁਰਮੁਖ ਬਣਾਉਂਦਾ ਹੈ ਤੇ ਅਕਾਲ ਤਖ਼ਤ ਉਸ ਗੁਰਮੁਖ ਦਾ ਸਿੱਖ ਸਮਾਜਿਕਤਾ ਦੀ ਮਜਬੂਤੀ ਲਈ ਉਸ ਰਾਹੀਂ ਹੀ ਉਸ ਦੀਆਂ ਸੰਪੂਰਨ ਸ਼ਕਤੀਆਂ ਦਾ ਨਿਯਮਬਧ ਪ੍ਰਯੋਗ ਕਰਦਾ ਹੈ। ਹਰਿਮੰਦਰ ਸਾਹਿਬ ਵਿਚ ਹੀ ਸਿੱਖ ਦੀ ਹਲਤਮੁਖੀ ਤੇ ਪਲਤਮੁਖੀ ਪ੍ਰਭੁਸੱਤਾ, ਸਿਧਾਂਤ ਰੂਪ ਵਿਚ ਸ਼ਾਮਲ ਹੈ। ਇਨ੍ਹਾਂ ਨੂੰ ਹਰਿਮੰਦਰ ਤੇ ਅਕਾਲ ਤਖ਼ਤ ਵਿਚਕਾਰ ਵੱਖ ਕਰਕੇ ਜਾਂ ਵੰਡ ਕੇ ਨਹੀਂ ਵੇਖਿਆ ਜਾ ਸਕਦਾ। ਅਕਾਲ ਤਖ਼ਤ ਸਾਹਿਬ ਵਿਚ ਵੀ ਸਿੱਖਾਂ ਦੀ ਅਧਿਆਤਮਿਕਤਾ ਤੇ ਸਮੁੱਚੀ ਸਮਾਜਿਕਤਾ ਦੇ ਸਾਰੇ ਸਰੋਕਾਰ ਇਕ ਦੂਜੇ ਦੇ ਪੂਰਕ ਰੂਪ ਵਿਚ ਸ਼ਾਮਲ ਹਨ ਜੋ ਪ੍ਰਭੂਸੱਤਾ ਦੀਆਂ ਇਨ੍ਹਾਂ ਉਪਰੋਕਤ ਧਾਰਾਵਾਂ ਦਾ ਅਮਲੀ ਪ੍ਰਗਟਾਵਾ ਕਰਦਾ ਹੈ। ਜੇਕਰ ਹਰਿਮੰਦਰ ਵਿਚ ਅਧਿਆਤਮਿਕਤਾ, ਧਾਰਮਿਕਤਾ ਤੇ ਸਮਾਜਿਕਤਾ ਸਿਧਾਂਤ ਰੂਪ ਵਿਚ ਸ਼ਾਮਲ ਹਨ ਤਾਂ ਅਕਾਲ ਤਖ਼ਤ ਸਾਹਿਬ ਇਸ ਦਾ ਅਮਲੀ ਪ੍ਰਗਟਾਵਾ ਕਰਦਾ ਹੈ। ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਹਰਿਮੰਦਰ ਦੀ ਅੰਦਰੂਨੀ ਤੇ ਬਾਹਰੀ ਸੁਰੱਖਿਆ ਤੱਕ ਹੀ ਸੀਮਿਤ ਨਹੀਂ ਹੈ ਸਗੋਂ ਇਹ ਹਰਿਮੰਦਰ ਦੇ ਸਿਧਾਂਤ, ਜਿਨ੍ਹਾਂ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ, ਨੂੰ ਸਿੱਖ ਪੰਥ ਤੇ ਸਮੁੱਚੇ ਵਿਸ਼ਵ ਵਿਚ ਸਿੱਖ ਪ੍ਰਸੰਗ ਵਿਚ ਦ੍ਰਿੜ ਕਰਵਾਉਣ ਲਈ ਇਸ ਦੇ ਪਸਾਰ ਅਤੇ ਪ੍ਰਚਾਰ ਅਤੇ ਰਾਖੀ ਲਈ ਜ਼ਿੰਮੇਵਾਰ ਸੰਸਥਾ ਵੀ ਹੈ।

ਸਮੁੱਚੇ ਸਿੱਖ ਸਿਧਾਂਤ ਤੇ ਵਿਚਾਰਧਾਰਾ ਦੀ ਸਿਧਾਂਤਕ ਰਖਵਾਲੀ ਦੀ ਜ਼ਿੰਮੇਵਾਰੀ 'ਚੋਂ 'ਪੀਰੀ' ਦੀ ਕਿਰਪਾਨ ਦੇ ਸੰਕਲਪ ਦੀ ਉਤਪਤੀ ਹੋਈ ਜਿਸ ਨੇ ਸਿੱਖ ਲਹਿਰ ਵਿਚਲੀ ਹਰ ਸਮੇਂ ਦੀ ਅੰਦਰੂਨੀ ਤੇ ਬਾਹਰੀ ਖੋਟ ਅਤੇ ਪ੍ਰਸੰਗ-ਵਿਗਾੜ ਮਾਨਸਿਕਤਾ ਦਾ ਵੀ ਸਾਹਮਣਾ ਕਰਨਾ ਹੈ।

ਅਕਾਲ ਤਖ਼ਤ ਦੀ ਸਥਾਪਨਾ ਨਾਲ ਜੁੜੇ ਪ੍ਰਸੰਗ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਪਰਿਪੇਖ ਵਿਚ ਵੇਖੇ ਜਾਂਦੇ ਹਨ ਪਰ ਇਸ ਦੇ ਸਿਧਾਂਤਕ ਤੇ ਰੂਹਾਨੀ ਕਾਰਨਾਂ ਅਥਵਾ ਹਰਿਮੰਦਰ ਦੀਆਂ ਅਜਿਹੀਆਂ ਲੋੜਾਂ ਨੂੰ ਮਨੋਂ ਵਿਸਾਰ ਦਿੱਤਾ ਜਾਂਦਾ ਹੈ। ਅਕਾਲ ਤਖ਼ਤ ਦੀ ਸਥਾਪਨਾ ਦੀ ਇਸ ਵਿਆਖਿਆ ਨਾਲ ਭਾਵੇਂ ਸਿੱਖ ਮਾਨਸਿਕਤਾ ਵਿਚ ਸ਼ਸਤਰ, ਜੰਗ, ਯੁੱਧ, ਰਣਨੀਤੀ ਤੇ ਰਾਜਨੀਤੀ ਆਦਿ ਸ਼ਾਮਲ ਹੋ ਗਏ ਜਿਨ੍ਹਾਂ ਕਾਰਨ ਭਵਿੱਖ ਵਿਚ ਰਾਜ ਸੱਤਾ ਉੱਤੇ ਇਨ੍ਹਾਂ ਸਿਧਾਂਤਾਂ ਤੇ ਸਥਾਨਾਂ ਦੀ ਰਾਖੀ ਦਾ ਕਰਤਵ ਆ ਗਿਆ। ਪਰ ਸਾਨੂੰ ਇਹ ਕਦਾਚਿਤ ਨਹੀਂ ਭੁੱਲਣਾ ਚਾਹੀਦਾ ਕਿ ਹਰਿਮੰਦਰ ਇਕ ਸਿਧਾਂਤ ਅਥਵਾ ਇਕ ਵਿਚਾਰਧਾਰਾ ਦਾ ਨਾਂ ਵੀ ਹੈ ਜਿਸ ਦੀ ਰਾਖੀ ਕਰਨਾ ਵੀ ਅਕਾਲ ਤਖ਼ਤ ਸਾਹਿਬ ਦੀ ਜ਼ਿੰਮੇਵਾਰੀ ਹੈ। ਸਿਧਾਂਤ ਦੀ ਰਾਖੀ ਦੀ ਅਜਿਹੀ ਜ਼ਿੰਮੇਵਾਰੀ ਵਿਚੋਂ ਹੀ ਪੀਰੀ ਦੀ ਕਿਰਪਾਨ ਦੇ ਸਿਧਾਂਤ ਦੀ ਸਿਰਜਣਾ ਹੋਈ ਜੋ ਗੁਰੂ ਹਰਿਗੋਬਿੰਦ ਸਾਹਿਬ ਨੇ 'ਮੀਰੀ' ਦੀ ਕਿਰਪਾਨ ਦੇ ਨਾਲ ਪਹਿਨੀ। ਗੁਰੂ ਸਾਹਿਬ ਇਸ ਫਿਕਰ ਤੱਤ ਤੋਂ ਬੇਖ਼ਬਰ ਨਹੀਂ ਸਨ ਕਿ ਜਹਾਂਗੀਰ ਗੁਰੂ ਘਰ ਨੂੰ "ਝੂਠ ਦੀ ਦੁਕਾਨ" ਕਹਿੰਦਾ ਹੋਇਆ ਇਸ ਦੇ ਫੈਲਾਅ ਅਤੇ ਵਾਧੇ ਨੂੰ ਖ਼ਤਮ ਕਰਨ ਲਈ ਵੀ ਯਤਨਸ਼ੀਲ ਸੀ। ਉਹ ਹਰਿਮੰਦਰ ਅਤੇ ਇਸ ਵਿਚ ਪ੍ਰਕਾਸ਼ਮਾਨ ਆਦਿ ਗ੍ਰੰਥ ਸਾਹਿਬ ਦੀ ਸ਼ਕਤੀ ਤੇ ਸਿੱਖੀ ਦੇ ਫੈਲਾਅ ਵਿਚ ਇਨ੍ਹਾਂ ਦੁਆਰਾ ਪਾਏ ਜਾ ਰਹੇ ਯੋਗਦਾਨ ਤੋਂ ਵੀ ਫਿਕਰਮੰਦ ਸੀ। ਜਦੋਂ ਉਹ ਆਪਣੀ ਸਵੈ-ਜੀਵਨੀ "ਤੁਜ਼ਕ-ਏ-ਜਹਾਂਗੀਰੀ" ਵਿਚ ਗੁਰੂ ਸਾਹਿਬ ਵਲੋਂ ਹਿੰਦੂਆਂ ਤੇ ਸਿੱਖਾਂ ਨੂੰ ਆਪਣੇ ਪ੍ਰਭਾਵ ਹੇਠ ਲੈ ਆਉਣ ਦੀ ਗੱਲ ਕਰਦਾ ਹੈ

ਤਾਂ ਉਸ ਦੇ ਮਨ ਵਿਚ ਹਰਿਮੰਦਰ ਅਤੇ ਆਦਿ ਗ੍ਰੰਥ ਦੀ ਉਪਰੋਕਤ ਸ਼ਕਤੀ ਅਤੇ ਇਨ੍ਹਾਂ ਦੁਆਰਾ ਸਿੱਖੀ ਦੇ ਵਾਧੇ ਵਿਚ ਪਾਇਆ ਜਾ ਰਿਹਾ ਯੋਗਦਾਨ ਵੀ ਭਾਰੂ ਸੀ, ਕਿਉਂਕਿ ਉਸ ਸਮੇਂ ਨਾ ਤਾਂ ਅਕਾਲ ਤਖ਼ਤ ਦੀ ਸਥਾਪਨਾ ਹੋਈ ਸੀ ਤੇ ਨਾ ਹੀ ਸਿੱਖ ਲਹਿਰ ਸਮੁੱਚੇ ਤੌਰ ਤੇ ਹਥਿਆਰਬੰਦ ਹੋਈ ਸੀ। ਸਿੱਖ ਸਮਾਜਿਕਤਾ ਅਥਵਾ ਸਿੱਖ ਰਾਜਨੀਤਿਕ ਸੰਘਰਸ਼ ਦੀ ਬੁਨਿਆਦ ਰੱਖਣਾ ਤੇ ਸਿੱਖ ਵਿਰੋਧੀਆਂ ਨਾਲ ਸਿਝਣਾ ਵੀ ਉਤਨਾ ਮਹੱਤਵਪੂਰਨ ਸੀ। ਇਸ ਲਈ 'ਮੀਰੀ' ਦੀ ਕਿਰਪਾਨ ਪਹਿਨਣਾ ਜ਼ਰੂਰੀ ਹੋ ਗਿਆ ਸੀ ਪਰ "ਹਰਿਮੰਦਰ" ਤੇ ਗੁਰੂ ਸੰਸਥਾ ਦੇ ਅੰਦਰਲੇ ਤੇ ਬਾਹਰਲੇ ਖ਼ਤਰਿਆਂ, ਮੀਣਿਆਂ, ਮਸੰਦਾਂ, ਹੰਦਾਲੀਆ ਤੇ ਧੀਰ ਮੱਲੀਆਂ ਆਦਿ ਵਿਰੋਧੀਆਂ ਤੋਂ ਸਿਧਾਂਤ ਨੂੰ ਬਚਾਉਣਾ ਅਤੇ ਇਸ ਵਿਚ ਖੋਟ ਦੇ ਰਲੇਵੇਂ ਨੂੰ ਰੋਕਣਾ ਵੀ ਉਤਨਾ ਹੀ ਮਹੱਤਵਪੂਰਨ ਸੀ ਜਿਨ੍ਹਾਂ ਕੁਦਰਤੀ ਸਹਿਯੋਗੀ ਤੇ ਸਾਥੀ ਮੁਗ਼ਲ ਸਟੇਟ ਦਾ ਬਣਨਾ ਸੁਭਾਵਿਕ ਸੀ।

ਕਿਸੇ ਵੀ ਸਮਾਜ ਵਿਚ ਸਰੀਰਕ, ਬਾਹਰੀ ਤੇ ਅੰਦਰੂਨੀ ਰੂਪ ਵਿਚ ਵਿਰੋਧੀ ਘੁਸਪੈਠ ਉਸ ਸਮਾਜ ਦਾ ਸਮੁੱਚਾ ਸਿਧਾਂਤਕ ਤੇ ਵਿਵਹਾਰਕ ਪ੍ਰਸੰਗ ਹੀ ਬਦਲ ਸਕਦੀ ਹੈ। ਇਸ ਲਈ ਸਿੱਖ ਸਮਾਜ ਵਿਰੋਧੀਆਂ ਨੇ ਸਿੱਖਾਂ ਨੂੰ ਨੁਕਸਾਨ ਪਹੁੰਚਾਉਣ ਲਈ ਹਰ ਤਰੀਕਾ ਵਰਤਣਾ ਹੀ ਸੀ। ਵਧੇਰੇ ਚਲਾਕ ਦੁਸ਼ਮਣ ਸਿੱਖ ਪ੍ਰਸੰਗਿਕਤਾ ਦਾ ਮਖੌਟਾ ਪਹਿਨ ਕੇ ਸਿੱਖ ਸਿਧਾਂਤ ਵਿਚ ਪ੍ਰਸੰਗ ਵਿਗਾੜਨ ਦੇ ਯਤਨ ਵੀ ਕਰਦਾ ਰਿਹਾ ਹੈ ਜੋ ਸਿਲਸਿਲਾ ਅਜੇ ਤੱਕ ਜਾਰੀ ਹੈ। ਉਦਾਹਰਣ ਵਜੋਂ ਸਿੱਖ ਸਿਰੀ ਚੰਦ ਅਤੇ ਉਨ੍ਹਾਂ ਦੀ ਉਦਾਸੀ ਸੰਪਰਦਾ ਨੂੰ ਗੁਰੂ ਨਾਨਕ ਦੇਵ ਜੀ ਦਾ ਸਪੁੱਤਰ ਹੋਣ ਦੇ ਨਾਤੇ ਸਤਿਕਾਰ ਦਿੰਦੇ ਸਨ। ਪਰ ਉਨ੍ਹਾਂ ਦੀ ਵਿਚਾਰਧਾਰਾ ਜਾਂ ਪ੍ਰੰਪਰਾ ਸਿੱਖ ਪ੍ਰਸੰਗਕ ਨਹੀਂ ਸੀ, ਇਸ ਲਈ ਸਿੱਖ ਮੂਲਆਤਮਾ ਇਸ ਨੂੰ ਸਿੱਖ ਅਗਵਾਈ ਕਰਨ ਦੀ ਮਾਨਤਾ ਨਹੀਂ ਦਿੰਦੀ। ਪ੍ਰਿਥੀ ਚੰਦ ਦੇ ਕਰਮ ਜਾਂ ਜੀਵਨ ਤਰਜ਼ ਸਿੱਖ ਪ੍ਰਸੰਗ ਵਿਚ ਨਹੀਂ ਸੀ, ਇਸ ਲਈ ਉਹ ਸਿੱਖ ਅਗਵਾਈ ਦਾ ਹੱਕਦਾਰ ਨਹੀਂ ਹੋ ਸਕਦਾ ਸੀ ਤੇ ਨਾ ਹੀ ਸਿੱਖਾਂ ਨੇ ਉਸ ਨੂੰ ਮਾਨਤਾ ਦਿੱਤੀ। ਉਸ ਨੇ ਵੀ ਜਾਤੀ ਰਸੂਖ ਤੇ ਹੋਰ ਯਤਨਾਂ ਨਾਲ ਕੁਝ ਭੋਲੇ-ਭਾਲੇ ਸਿੱਖਾਂ ਨੂੰ ਭਰਮਾਅ ਕੇ ਸਿੱਖੀ ਦੇ ਪ੍ਰਸੰਗ ਨੂੰ ਵਿਗਾੜਨ ਦੇ ਯਤਨ ਨਹੀਂ ਤਿਆਗੇ। ਗੁਰੂ ਹਰਿਕ੍ਰਿਸ਼ਨ ਜੀ ਵਲੋਂ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਬਾਬਾ ਬਕਾਲੇ ਕਹਿ ਕੇ ਗੁਰੂ ਤੇਗ ਬਹਾਦਰ ਜੀ ਵਲ ਇਸ਼ਾਰਾ ਕਰ ਜਾਣ ਨਾਲ ਸਿੱਖੀ ਦਾ ਪ੍ਰਸੰਗ-ਵਿਗਾੜ, ਬਾਈ ਮੰਜੀਆਂ ਦੇ ਰੂਪ ਵਿਚ ਸਾਹਮਣੇ ਆਇਆ ਜਿਸ ਦਾ ਹੱਲ ਮੱਖਣ ਸ਼ਾਹ ਲੁਬਾਣੇ ਨੇ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਗੁਰਿਆਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪੀ ਪਰ ਬਾਦੀ ਬਿਰਤੀ ਵਾਲੇ ਪ੍ਰਸੰਗ-ਵਿਗਾੜ ਸਿੱਖਾਂ ਵਲੋਂ ਸਿੱਖੀ ਦੀ ਮੂਲ ਵਿਚਾਰਧਾਰਕ ਰੂਹਾਨੀ ਰੂਹ ਵਿਚ ਖੋਟ ਰਲਾਉਣ ਦੇ ਯਤਨ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਹਨ ਤੇ ਇਸ ਸਿਲਸਿਲੇ ਦੇ ਭਵਿੱਖ ਵਿਚ ਵੀ ਜਾਰੀ ਰਹਿਣ ਦੇ ਆਸਾਰ ਹਨ। ਇਹ ਪ੍ਰਸੰਗ-ਵਿਗਾੜ ਮਾਨਸਿਕਤਾ ਦਾ ਸਾਹਮਣਾ ਕਰਨਾ ਵੀ ਗੁਰੂ ਸਾਹਿਬਾਨ ਦੀ ਜ਼ਿੰਮੇਵਾਰੀ ਸੀ ਜਿਨ੍ਹਾਂ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਇਹ ਜ਼ਿੰਮੇਵਾਰੀ ਅਕਾਲ ਤਖ਼ਤ ਨੂੰ ਸਮਰਪਿਤ ਗੁਰੂ ਖ਼ਾਲਸਾ ਪੰਥ ਉੱਤੇ ਆਇਤ ਹੁੰਦੀ ਹੈ। ਸਿੱਖ ਮੂਲ ਆਤਮਾ (ਅਕਾਲ ਤਖ਼ਤ ਸਾਹਿਬ) ਨੂੰ ਹਮੇਸ਼ਾ ਅੰਦਰੂਨੀ ਸ਼ਰੀਕਾ ਸੰਸਥਾਵਾਂ ਤੇ ਪ੍ਰਸੰਗ-ਵਿਗਾੜ ਯਤਨਾਂ ਦਾ ਸਾਹਮਣਾ ਰਿਹਾ ਹੈ ਜਿਸ ਨੂੰ ਕੁਦਰਤੀ ਸਾਥ ਜਾਂ ਸਹਿਯੋਗ ਹਰ ਸਮੇਂ ਦੀ ਗੈਰ-ਸਿੱਖ ਸਟੇਟ ਵਲੋਂ ਮਿਲ ਜਾਂਦਾ ਰਿਹਾ ਹੈ।

ਅਜਿਹਾ ਪ੍ਰਸ਼ਨ ਵਿਚਾਰਦਿਆਂ ਅਸੀਂ ਮਨੁੱਖ ਦੇ ਅੰਦਰ ਵੱਸੀ ਹੋਈ ਹਉਂ (Ego) ਦੀ ਪਿਰਤੀ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦੇ। ਇਤਿਹਾਸ ਦੇ ਜਿਸ ਮੋੜ ਉੱਤੇ ਅਕਾਲ ਤਖ਼ਤ

ਦੀ ਸਥਾਪਨਾ ਹੋਈ ਉਸ ਸਮੇਂ ਇਸ ਦਾ ਬਾਹਰੀ ਨਜ਼ਰ ਆਉਂਦਾ ਵਿਰੋਧ ਪ੍ਰਚੰਡ ਰੂਪ ਧਾਰਨ ਕਰ ਚੁੱਕਾ ਸੀ। ਪਰ ਇਸ ਦਾ ਅੰਦਰਲਾ ਵਿਰੋਧ ਵੀ ਉਸੇ ਪ੍ਰਚੰਡਤਾ ਨਾਲ ਕੰਮ ਕਰ ਰਿਹਾ ਸੀ। ਇਸ ਵਿਰੋਧ ਦਾ ਸਿੱਧੇ ਅਤੇ ਅਸਿੱਧੇ ਢੰਗ ਨਾਲ ਬਾਹਰੀ ਵਿਰੋਧ ਨਾਲ ਰਲ ਕੇ ਸ਼ਰੀਕਾ ਸੰਸਥਾਵਾਂ ਅਥਵਾ ਉਲਟ ਜਾਤੀ ਡੇਰੇਦਾਰੀਆਂ ਦੇ ਰੂਪ ਵਿਚ ਉਤਪੰਨ ਹੋਣ ਦਾ ਡਰ ਜਾਂ ਖ਼ਦਸ਼ਾ ਗੁਰੂ ਸਾਹਿਬ ਨੂੰ ਸੀ, ਜੋ ਬਾਅਦ ਦੇ ਇਤਿਹਾਸ ਨੇ ਸੱਚ ਸਾਬਤ ਕੀਤਾ। ਵਰਤਮਾਨ ਵਿਚ ਵੀ ਜੋ ਸੰਸਥਾਵਾਂ, ਪ੍ਰਸੰਗ-ਵਿਗਾੜ ਰੁਝਾਨ ਜਾਂ ਜਾਤੀ ਡੇਰੇਦਾਰੀਆਂ ਅਕਾਲ ਤਖ਼ਤ ਸਾਹਿਬ ਤੇ ਸਿੱਖ ਮੂਲ ਆਤਮਾ ਦੇ ਵਿਰੁੱਧ ਭੁਗਤਦੀਆਂ ਹਨ, ਉਨ੍ਹਾਂ ਨੂੰ ਗੈਰ-ਸਿੱਖ ਸਟੇਟ ਵਲੋਂ ਕੁਦਰਤੀ ਸਹਿਯੋਗ ਤੇ ਸਾਥ ਮਿਲ ਜਾਂਦਾ ਹੈ। ਇਨ੍ਹਾਂ ਡੇਰੇਦਾਰੀਆਂ ਦੇ ਉਲਟ ਅਤੇ ਪ੍ਰਸੰਗ-ਵਿਗਾੜ ਯਤਨਾਂ ਰਾਹੀਂ ਹੋਣ ਵਾਲੇ ਸੰਭਾਵੀ ਅੰਦਰੂਨੀ ਵਿਰੋਧ ਨੂੰ ਠੱਲ੍ਹ ਪਾਉਣ ਲਈ "ਪੀਰੀ ਦੀ ਕਿਰਪਾਨ" ਹੀ ਕਾਰਗਾਰ ਸਾਬਤ ਹੋ ਸਕਦੀ ਸੀ। 'ਮੀਰੀ' ਅਤੇ 'ਪੀਰੀ' ਭਾਵੇਂ ਗੁਰੂ ਹਰਿਗੋਬਿੰਦ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਉਨ੍ਹਾਂ ਦੀ ਸ਼ਖ਼ਸੀਅਤ ਵਿਚ ਨਿਹਿਤ ਸਨ ਪਰ ਜਦੋਂ ਗੁਰੂ ਜੀ ਜ਼ਾਹਰਾ ਬੋਲਦੀ ਸ਼ਖ਼ਸੀਅਤ ਦਾ ਖਾਲਸਾ ਪੰਥ ਵਿਚ ਪ੍ਰਕਾਸ਼ਨ ਹੋਇਆ ਤਾਂ 'ਮੀਰੀ' ਦੇ ਨਾਲ 'ਪੀਰੀ' ਦੀ ਰੱਖਿਆ ਦੀ ਜ਼ਿੰਮੇਵਾਰੀ ਵੀ ਗੁਰੂ ਖਾਲਸਾ ਪੰਥ ਦੀ ਹੀ ਬਣ ਗਈ ਜਿਸ ਦਾ ਮੂਲ ਸ੍ਰੋਤ ਹਰਿਮੰਦਰ ਸਾਹਿਬ ਤੇ ਇਸ ਦਾ ਅਮਲੀ ਪ੍ਰਕਾਸ਼ਨ ਅਕਾਲ ਤਖ਼ਤ ਸਾਹਿਬ ਹਨ। ਅਕਾਲ ਤਖ਼ਤ ਸਾਹਿਬ ਨੇ ਪੰਥ ਨਿਯੁਕਤ ਪ੍ਰਮੁੱਖ ਸਿੰਘ ਸਾਹਿਬ ਰਾਹੀਂ ਕਾਰਜਸ਼ੀਲ ਹੋਣਾ ਹੈ ਅਤੇ ਕਿਸੇ ਵੀ ਸਮੱਸਿਆ ਜਾਂ ਮਸਲੇ ਦੇ ਹੱਲ ਲਈ ਪ੍ਰਾਥਮਿਕਤਾ ਤੇ ਢੰਗ ਤਰੀਕਿਆਂ ਦਾ ਨਿਰਣਾ ਉਨ੍ਹਾਂ ਲੈਣਾ ਹੈ ਕਿ "ਮੀਰੀ" ਨਾਲ ਸਬੰਧਿਤ ਮਸਲੇ ਦਾ ਹੱਲ ਅਤੇ "ਪੀਰੀ" ਨੂੰ ਪੇਸ਼ ਮੁਸ਼ਕਲ ਦਾ ਸਾਹਮਣਾ ਕਿਵੇਂ ਕਰਨਾ ਹੈ। "ਪੀਰੀ" ਦੇ ਵਿਰੋਧ ਕਰਨ ਦੇ ਇਕ ਕਰਮ ਵਜੋਂ ਸਿੱਖ ਨੂੰ ਅਕਾਲ ਤਖ਼ਤ ਸਾਹਿਬ ਤੋਂ ਤਨਖਾਹ ਲਗਾਉਣ ਦੀ ਪ੍ਰੰਪਰਾ ਦਾ ਅਰੰਭ ਹੋਇਆ ਜੋ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਮੰਨਣ ਵਾਲਿਆਂ ਉਤੇ ਹੀ ਆਇਦ ਹੁੰਦੀ ਹੈ। ਗੈਰ-ਸਿੱਖਾਂ ਜਾਂ ਅਕਾਲ ਤਖ਼ਤ ਨੂੰ ਨਾ ਮੰਨਣ ਵਾਲਿਆਂ ਵਲੋਂ 'ਮੀਰੀ' ਜਾਂ 'ਪੀਰੀ' ਨੂੰ ਪੇਸ਼ ਵਿਰੋਧ ਦਾ ਸਾਹਮਣਾ ਕਰਨ ਲਈ ਅਕਾਲ ਤਖ਼ਤ ਨੇ ਪੰਥ ਨੂੰ ਸੰਬੋਧਨ ਹੁੰਦਿਆਂ ਵੱਖਰੀ ਤਰ੍ਹਾਂ ਦੇ ਢੰਗ ਤਰੀਕੇ ਅਪਨਾਉਣੇ ਹਨ। ਡਾ. ਬਲਕਾਰ ਸਿੰਘ ਇਸ ਸਬੰਧੀ ਵਿਚਾਰ ਪ੍ਰਗਟ ਕਰਦਿਆਂ ਆਪਣੀ ਉਪਰੋਕਤ ਪੁਸਤਕ ਦੇ ਪੰਨਾ 39 ਉਤੇ ਲਿਖਦੇ ਹਨ: "ਸ਼ਖ਼ਸੀ-ਉੱਤਮਤਾ ਜਾਂ ਸਰਦਾਰੀ ਦੀ ਹਉਮੈ ਜਾਂ ਮਾਨਵ-ਅਗਵਾਈ ਵਿਚ ਚਲਦੀਆਂ ਖ਼ਾਲਸਾਈ ਦਿੱਖ ਵਾਲੀਆਂ ਸੰਪਰਦਾਵਾਂ, ਅਕਸਰ ਅਕਾਲ ਤਖ਼ਤ ਸਾਹਿਬ ਦੇ ਸ਼ਰੀਕੇ ਵਿਚ ਚੱਲਣ ਦਾ ਯਤਨ ਕਰਦੀਆਂ ਰਹਿੰਦੀਆਂ ਹਨ। ਇਸ ਦੇ ਵਧੇਰੇ ਵਿਸਤਾਰ ਵਿਚ ਨਾ ਜਾ ਕੇ, ਸੰਕੇਤ ਇਸ ਪਾਸੇ ਕੀਤਾ ਜਾ ਰਿਹਾ ਹੈ ਕਿ ਡੇਰੇਦਾਰੀ ਨੂੰ ਸਖ਼ਸ਼ੀ ਸਰਦਾਰੀ ਸੰਸਥਾਤਮਕ ਪ੍ਰਗਟਾਵਾ ਪ੍ਰਵਾਨ ਕਰਕੇ, ਇਹ ਨਤੀਜਾ ਕੱਢਿਆ ਜਾ ਰਿਹਾ ਹੈ ਕਿ ਅੰਦਰੋਂ ਉਤਪੰਨ ਅਵੱਗਿਆ ਨੂੰ ਠੱਲ੍ਹ ਪਾਉਣ ਦੀ ਕੋਸ਼ਿਸ਼ ਵਿਚੋਂ ਹੀ ਅਕਾਲ ਤਖ਼ਤ ਸਾਹਿਬ ਤੋਂ ਤਨਖਾਹ ਲਾਉਣ ਅਤੇ ਛੇਕੇ ਜਾਣ ਦੀ ਪਰੰਪਰਾ ਨੇ ਜਨਮ ਲਿਆ ਸੀ। ਅੰਦਰੋਂ ਵਿਰੋਧ ਤੇ ਅਧਾਰਿਤ ਸ਼ਰੀਕੇਬਾਜ਼ੀ ਬੇਸ਼ਕ ਗੁਰੂ ਅੰਗਦ ਦੇਵ ਜੀ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਈ ਸੀ ਪਰ ਤਨਖਾਹ ਲਾਉਣ ਦੀ ਪ੍ਰੰਪਰਾ ਦਾ ਅਰੰਭ, ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਤੋਂ ਪਿਛੋਂ ਹੀ ਸ਼ੁਰੂ ਹੋਇਆ ਸੀ।"

**'ਮੀਰੀ'-'ਪੀਰੀ' ਦੀ ਧਾਰਨਾ ਦਾ ਕਿਰਿਆਤਮਕ ਏਜੰਡਾਬੀਤੇ ਇਤਿਹਾਸ ਅਤੇ ਵਰਤਮਾਨ ਸਮੇਂ ਦੇ ਪ੍ਰਸੰਗ ਵਿਚ**

ਉਪਰੋਕਤ ਵਿਚਾਰ ਚਰਚਾ ਤੋਂ ਕੁਝ ਇਸ ਤਰ੍ਹਾਂ ਦਾ ਪ੍ਰਭਾਵ ਵੀ, ਲਿਆ ਜਾ ਸਕਦਾ

ਹੈ ਕਿ ਅਕਾਲ ਤਖ਼ਤ ਸਾਹਿਬ ਅਤੇ 'ਮੀਰੀ'-'ਪੀਰੀ' ਦੀ ਧਾਰਨਾ ਦੀ ਪਹੁੰਚ ਅਤੇ ਕਿਰਿਆਤਮਿਕਤਾ ਕੇਵਲ ਰੱਖਿਆਤਮਿਕ (Defensive) ਹੀ ਹੈ। ਇਸ ਪ੍ਰਥਾਇ ਇੱਥੇ ਕੁਝ ਪ੍ਰਸ਼ਨ ਵੀ ਉੱਠਦੇ ਹਨ ਕਿ ਕੀ 'ਮੀਰੀ'-'ਪੀਰੀ' ਦੀ ਧਾਰਨਾ ਦੀ ਰਵਾਇਤੀ ਰੂਪ ਵਿਚ ਕੀਤੀ ਜਾ ਰਹੀ ਵਿਆਖਿਆ, "ਸਿੱਖ ਪੰਥ ਵਿਚ ਧਰਮ ਤੇ ਰਾਜਨੀਤੀ ਦੇ ਇਕ ਹੋਣ ਦੇ ਰੂਪ ਵਿਚ ਹੀ ਹੈ" ਜਾਂ ਇਸ ਦੀ ਵਰਤਮਾਨ ਅਤੇ ਭਵਿੱਖ ਦੇ ਬਹੁ-ਧਰੁਵੀ ਪ੍ਰਸੰਗ ਵਿਚ ਕੁਝ ਨਵੀਂ ਭੂਮਿਕਾ ਵੀ ਨਿਰਧਾਰਿਤ ਕੀਤੀ ਜਾ ਸਕਦੀ ਹੈ? ਅਕਾਲ ਤਖ਼ਤ ਸਾਹਿਬ ਦੀ ਸਿੱਖ ਧਰਮ, ਸਿਧਾਂਤ, ਪੰਥ ਅਤੇ ਵਿਸ਼ਵ ਦੀਆਂ ਨਵੀਆਂ ਲੋੜਾਂ ਦੇ ਸੰਦਰਭ ਵਿਚ ਕੀ ਸਥਾਨ ਤੇ ਭੂਮਿਕਾ ਹੈ ਅਤੇ ਜਦੋਂ 'ਮੀਰੀ'-'ਪੀਰੀ' ਦੀ ਧਾਰਨਾ ਇਕ ਸੰਸਥਾ ਰੂਪ ਵਿਚ ਵਿਕਾਸ ਕਰ ਚੁੱਕੀ ਹੈ ਤਾਂ ਇਸ ਨੇ ਸਿੱਖ ਪੰਥ ਤੇ ਮਨੁੱਖਤਾ ਨੂੰ ਇਸ ਪ੍ਰਥਾਇ ਪੇਸ਼ ਆਉਂਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕੀ ਯੋਗਦਾਨ ਪਾਉਣਾ ਹੈ?

ਉਪਰੋਕਤ ਪ੍ਰਸ਼ਨਾਂ ਨੂੰ ਵਿਚਾਰਨ ਤੋਂ ਪਹਿਲਾਂ ਸਾਨੂੰ 'ਮੀਰੀ'-'ਪੀਰੀ' ਦੀ ਧਾਰਨਾ ਨੂੰ ਇਸ ਦੇ ਸਿੱਖ ਸਿਧਾਂਤਕ ਪਰਿਪੇਖ ਦੇ ਨਾਲ ਨਾਲ ਇਸ ਸਬੰਧੀ ਮਨੁੱਖੀ ਇਤਿਹਾਸ ਦੇ ਸੰਦਰਭ ਵਿਚ ਵੀ ਵਿਚਾਰਨਾ ਪਵੇਗਾ ਕਿ 'ਮੀਰੀ'-'ਪੀਰੀ' ਦੇ ਸਿਧਾਂਤ ਦੀ ਮਨੁੱਖੀ ਵਿਰਾਸਤ ਕੀ ਹੈ? ਅਜਿਹਾ ਵਿਚਾਰ ਕਰਦਿਆਂ ਮੈਂ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਅਤੇ 'ਮੀਰੀ'-'ਪੀਰੀ' ਦੇ ਸਿਧਾਂਤ ਨੂੰ ਸਮਾਨਅਰਥੀ (Synonymous) ਸਮਝ ਕੇ ਚੱਲਾਂਗਾ। ਮੈਂ 'ਮੀਰੀ'-'ਪੀਰੀ' ਦੀ ਧਾਰਨਾ ਦੀ ਕਿਰਿਆਤਮਿਕਤਾ ਨੂੰ ਸਿੱਖ ਰਾਜਨੀਤੀ, ਸਿੱਖ ਸੱਤਾ ਦੇ ਨਾਲ ਨਾਲ ਭਾਰਤੀ ਰਾਜਨੀਤੀ, ਭਾਰਤੀ ਸੱਤਾ, ਵਿਸ਼ਵ ਰਾਜਨੀਤੀ ਅਤੇ ਵਿਸ਼ਵ ਸੱਤਾ ਤੇ ਹੋਰ ਮਨੁੱਖੀ ਸਰੋਕਾਰਾਂ ਦੇ ਸੰਦਰਭ ਵਿਚ ਵੀ ਵੇਖਦਾ ਹਾਂ। ਜਦੋਂ ਮਨੁੱਖ ਨੂੰ ਧਰਮ, ਪਰਾਲੌਕਿਕ ਸ਼ਕਤੀਆਂ, ਪ੍ਰਮਾਤਮਾ ਦੀ ਹੋਂਦ ਦਾ ਬੋਧ ਅਤੇ ਆਪਣੇ ਸਬੰਧਤ ਸਮਾਜ ਦੀਆਂ ਬਹੁਪੱਖੀ ਸਮੱਸਿਆਵਾਂ ਦੇ ਹੱਲ ਕਰਨ ਦੀ ਸੋਝੀ ਹੋਈ ਤਾਂ ਸਮਾਜ ਦੇ ਕੁਝ ਸਿਆਣਿਆਂ (Wise Men) ਨੂੰ ਆਮ ਮਨੁੱਖਾਂ ਨੇ ਸੁੱਤੇ ਸਿੱਧ ਹੀ ਆਪਣੇ ਪ੍ਰਤੀਨਿਧ ਮੰਨ ਲਿਆ। ਯਾਨੀ ਉਨ੍ਹਾਂ ਦਾ ਬੌਧਿਕ ਪੱਧਰ, ਸਮਾਜ ਵਿਚ ਰੁਤਬਾ ਅਤੇ ਇੱਜ਼ਤ ਆਦਿ ਬਾਕੀ ਮਨੁੱਖਾਂ ਨਾਲੋਂ ਕੁਝ ਵਧੇਰੇ ਸੀ। ਸਮਾਜ ਦੇ ਆਮ ਵਾਤਾਵਰਣ ਵਿਚ ਪਰਾਲੌਕਿਕ ਸੱਚ, ਪ੍ਰਮਾਤਮਾ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪੱਖ, ਪਾਪ-ਪੁੰਨ, ਦੁੱਖ-ਸੁੱਖ ਮਨੁੱਖੀ ਭਾਵਨਾਵਾਂ ਅਤੇ ਸੁਹਜ ਕਲਾਵਾਂ ਆਦਿ ਸਬੰਧੀ ਮਨੁੱਖਾਂ ਵਿਚ ਵਿਚਾਰ ਚਰਚਾ ਚਲਣ ਲਗ ਪਈ ਜਿਸ ਨਾਲ ਮਨੁੱਖ ਕੁਦਰਤ ਦੇ ਹੋਰ ਨੇੜੇ ਆ ਗਿਆ। ਉਸ ਵਿਚ ਇਸ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਵੇਖਣ ਦੀ ਜਗਿਆਸਾ ਵੀ ਪੈਦਾ ਹੋਈ। ਇਸੇ ਜਗਿਆਸਾ ਵਿਚੋਂ ਹੀ ਵੱਖ-ਵੱਖ ਭਾਸ਼ਾਵਾਂ, ਭਾਸ਼ਾਈ ਵਿਆਕਰਣ, ਲਿਪੀਆਂ ਅਤੇ ਹੋਰ ਸਿਧਾਂਤਾਂ (ਧਰਮਾਂ) ਆਦਿ ਦੀ ਉਤਪਤੀ ਹੋਈ ਜਿਸ ਦਾ ਪ੍ਰਤੀਨਿਧਤਵ ਸਮੁੱਚੇ ਤੌਰ ਤੇ ਰੱਬ ਦੀ ਸ਼ਖ਼ਸੀਅਤ ਕਰਦੀ ਸੀ। ਪਰ ਇਹਨਾਂ ਸਾਰੇ ਵਿਚਾਰਾਂ ਦਾ ਧਰਤੀ ਉਤੇ ਪ੍ਰਤੀਨਿਧਤਵ ਵੱਖ-ਵੱਖ ਸਮਾਜਾਂ ਦੀ ਆਪਣੀ ਸਮੂਹਿਕ ਸਿਆਣਪ (Collective Wisdom) ਦੇ ਰੂਪ ਵਿਚ ਹੋਇਆ। ਜਿਉਂ ਜਿਉਂ ਮਨੁੱਖ ਇਕ ਦੂਜੇ ਦੇ ਹੋਰ ਨੇੜੇ ਆਇਆ, ਉਸ ਦੇ ਆਪਸੀ ਵਿਚਾਰਾਂ ਦੀ ਸਾਂਝ ਅਤੇ ਇਕੋ ਜਿਹੀਆਂ ਸਮੱਸਿਆਵਾਂ ਦੇ ਪ੍ਰਸੰਗ ਨੂੰ ਵਿਸ਼ਵ ਦੀ ਸਮੂਹਿਕ ਸਿਆਣਪ ਦੇ ਰੂਪ ਵਿਚ ਸਿਰਜ ਲਿਆ ਗਿਆ ਜਿਸ ਦਾ ਅੱਜ ਇਕ ਜਾਂ ਦੂਜੇ ਮੰਚ ਰਾਹੀਂ ਪ੍ਰਤੀਨਿਧਤਵ ਹੋ ਰਿਹਾ ਹੈ। ਕੁਦਰਤੀ ਵਹਾਅ ਦੀ ਅਜਿਹੀ ਪ੍ਰਕਿਰਿਆ ਨੂੰ ਅਸੀਂ *ਇਤਿਹਾਸ ਵਿਚ ਰੱਬ* (God in History) ਅਤੇ *ਇਤਿਹਾਸ ਵਿਚ ਸਮੂਹਿਕ ਸਿਆਣਪ* (Collective Wisdom in History) ਦੇ ਰੂਪ ਵਿਚ ਵੇਖ ਸਕਦੇ ਹਾਂ। ਇਹੋ ਹੀ ਸਮੂਹਿਕ ਸਿਆਣਪ ਅੱਗੇ ਜਾ ਕੇ ਵੱਖ ਵੱਖ ਧਰਮਾਂ,

ਸਮਾਜਿਕ-ਰਾਜਨੀਤਿਕ-ਧਾਰਮਿਕ ਵਿਚਾਰਧਾਰਾਵਾਂ, ਸੰਸਥਾਵਾਂ, ਸੰਸਥਾਵਾਂ ਦੇ ਸਮੂੰਹ ਅਤੇ ਜਥੇਬੰਦੀਆਂ ਆਦਿ ਦੇ ਰੂਪ ਵਿਚ ਵਿਕਸਿਤ ਹੋਈ, ਜਿਨ੍ਹਾਂ ਵਿਚ ਇਕ ਜਾਂ ਦੂਜੇ ਰੂਪ ਵਿਚ ਕੁਝ ਮੁੱਢਲੀਆਂ ਸਮਾਨਤਾਵਾਂ ਵੇਖੀਆਂ ਜਾ ਸਕਦੀਆਂ ਹਨ। ਇਹੀ ਸਮੂਹਿਕ ਸਿਆਣਪ ਹੋਰ ਅੱਗੇ ਜਾ ਕੇ ਵਿਦਿਆ, ਵਿਦਿਅਕ ਸਰੋਕਾਰਾਂ, ਅਧਿਆਪਕਾਂ, ਧਾਰਮਿਕ ਗੁਰੂਆਂ, ਪੀਰਾਂ, ਫਕੀਰਾਂ, ਪੈਗੰਬਰਾਂ, ਸ਼ਾਸਤਰ ਵੇਤਾਵਾਂ ਤੇ ਸਤਿਗੁਰਾਂ ਦੇ ਰੂਪ ਵਿਚ ਪ੍ਰਤੀਨਿਧਤਵ ਕਰਦੀ ਵੇਖੀ ਜਾ ਸਕਦੀ ਹੈ ਜਿਨ੍ਹਾਂ ਦੀਆਂ ਮਹਾਨ ਰਚਨਾਵਾਂ, ਵੱਖ-ਵੱਖ ਧਾਰਮਿਕ ਗ੍ਰੰਥਾਂ ਅਤੇ ਹੋਰ ਸਹਾਇਕ ਗ੍ਰੰਥਾਂ ਦੇ ਰੂਪ ਵਿਚ ਇਕ ਵਿਸ਼ਾਲ ਮਨੁੱਖੀ ਵਿਰਾਸਤ ਮਨੁੱਖਤਾ ਦਾ ਮਾਣ ਬਣ ਚੁੱਕਾ ਹੈ। ਇਸੇ ਸਮੂਹਿਕ ਸਿਆਣਪ ਨੂੰ ਅਸੀਂ ਵੱਖ-ਵੱਖ ਧਰਮਾਂ ਦੀਆਂ ਧਾਰਮਿਕ ਸੰਸਥਾਵਾਂ ਯਾਨੀ ਚਰਚ ਦੇ ਪ੍ਰਤੀਨਿਧਤਵ ਰੂਪ ਵਿਚ ਵੀ ਬਿਆਨ ਕਰ ਸਕਦੇ ਹਾਂ।

ਉਪਰੋਕਤ ਵਿਚਾਰ ਤੋਂ ਸਪਸ਼ਟ ਹੋਇਆ ਕਿ ਹਰ ਸਮਾਜ ਦੀ ਸਮੂਹਿਕ ਸਿਆਣਪ ਦਾ ਰੁਤਬਾ, ਸਥਾਨ ਅਤੇ ਭੂਮਿਕਾ ਇਕ ਪਿਤਾ ਵਾਂਗ ਹੁੰਦੀ ਹੈ। ਭਾਵ ਸਮੂਹਿਕ ਸਿਆਣਪ ਨੇ ਆਪਣੇ ਆਪ ਨੂੰ ਆਪਣੀ ਅੰਦਰੂਨੀ ਕੁਦਰਤੀ ਸ਼ਕਤੀ ਦੇ ਬਲਬੂਤੇ ਉੱਤੇ ਇਸ ਢੰਗ ਨਾਲ ਜਥੇਬੰਦ ਵੀ ਕਰ ਲਿਆ ਕਿ ਇਨ੍ਹਾਂ ਦੇ ਯਤਨਾਂ ਸਦਕਾ ਹੀ ਰਾਜ (ਹਾਕਮ) ਅਤੇ ਰਾਜੇ ਦੀ ਸੰਸਥਾ ਹੋਂਦ ਵਿਚ ਆਈ। ਰਾਜਾ ਤੇ ਰਾਜੇ ਦੀ ਜ਼ਰੂਰਤ ਸਮਾਜ ਨੂੰ ਇਕ ਨਿਯਮਬੱਧ ਢੰਗ ਤਰੀਕਿਆਂ ਅਤੇ ਪ੍ਰਣਾਲੀਆਂ ਅਧੀਨ ਚਲਾਉਣ ਦੀ ਲੋੜ ਵਿਚੋਂ ਉਤਪੰਨ ਹੋਈ ਹੈ ਪਰ ਇਸ ਦਾ ਸਰਪ੍ਰਸਤ ਅਤੇ ਜਨਮਦਾਤਾ ਸਮੂਹਿਕ ਸਿਆਣਪ ਦੇ ਰੂਪ ਵਿਚ ਧਰਮ ਹੈ। ਭਾਵ ਧਰਮ ਦੀ ਹੋਂਦ ਪਹਿਲਾਂ ਹੋਈ ਅਤੇ ਰਾਜ ਸਮਾਜਿਕ ਅਤੇ ਅਨੁਸ਼ਾਸਨਿਕ ਲੋੜਾਂ ਵਿਚੋਂ ਪੈਦਾ ਹੋਇਆ। ਚੂੰਕਿ ਧਰਮ ਨੇ ਰਾਜੇ ਦੀ ਸ਼ਖ਼ਸੀਅਤ ਨੂੰ ਸਮਾਜ ਵਿਚ ਮਾਨਤਾ, ਪ੍ਰਵਾਨਤਾ ਅਤੇ ਉੱਚਤਮ ਦਰਜਾ ਵੀ ਦਿਵਾਉਣਾ ਸੀ ਜਿੱਥੇ ਉਸ ਦੇ ਹੁਕਮ ਅਤੇ ਆਗਿਆ ਦਾ ਪਾਲਣ ਤੇ ਸਤਿਕਾਰ ਵੀ ਹੋ ਸਕੇ, ਇਸ ਲਈ ਸਮੂਹਿਕ ਸਿਆਣਪ ਨੇ ਰਾਜੇ ਦੀ ਸ਼ਕਤੀ ਨੂੰ ਧਰਤੀ ਉਤੇ ਪ੍ਰਮਾਤਮਾ ਦੇ ਪ੍ਰਤੀਨਿਧ ਵਜੋਂ ਉਭਾਰਿਆ ਜਿਸ ਨਾਲ ਰਾਜ ਸੱਤਾ ਦੇ ਨਾਲ ਨਾਲ ਧਰਮ ਦੀ ਸੰਸਥਾ ਨੂੰ ਵੀ ਬਲ ਮਿਲਿਆ। ਧਰਮ ਦੀ ਮੁੱਢਲੀ ਸ਼ਕਤੀ ਦੇ ਸ੍ਰੋਤ ਜਿਥੇ ਉਨ੍ਹਾਂ ਦੇ ਬਾਨੀਆਂ ਦੇ ਮਹਾਨ ਵਿਚਾਰ, ਗ੍ਰੰਥ ਤੇ ਸੰਸਥਾਵਾਂ ਹਨ, ਉੱਥੇ ਸਬੰਧਤ ਸਮਾਜ ਦੇ ਨਾਗਰਿਕ ਵੀ ਇਸ ਦੀ ਸ਼ਕਤੀ ਦੇ ਸੋਮੇ ਹੁੰਦੇ ਹਨ। ਜਿੱਥੇ ਧਰਮ ਗੁਰੂ ਨੇ ਆਪਣੀ ਸਮੁੱਚੀ ਸ਼ਕਤੀ ਅਤੇ ਕਾਰਜ ਖੇਤਰ ਲਈ ਮਨੁੱਖਾਂ ਨੂੰ ਹੀ ਸੰਬੋਧਿਤ ਹੋਣਾ ਸੀ, ਉਥੇ ਸਮਾਜਿਕ ਸ਼ਾਂਤੀ ਅਤੇ ਪ੍ਰਸ਼ਾਸਨਿਕ ਆਦਿ ਨਿਯਮਬੱਧਤਾ ਲਈ ਲੋਕਾਂ ਨੂੰ ਰਾਜੇ ਦੇ ਹੁਕਮ ਨੂੰ ਮੰਨਣ ਦੀ ਪ੍ਰੇਰਨਾ ਵੀ ਧਰਮ ਗੁਰੂ ਨੇ ਹੀ ਦੇਣੀ ਸੀ। ਇਸ ਪ੍ਰਕਿਰਿਆ ਵਿਚੋਂ ਹੀ ਅੱਗੇ ਜਾ ਕੇ "ਰਾਜ ਗੁਰੂ" ਦੀ ਸੰਸਥਾ ਨੇ ਹਰ ਧਰਮ ਅਤੇ ਸਮਾਜ ਵਿਚ ਆਪਣਾ ਆਧਾਰ ਸੰਸਥਾ, ਜੱਥੇਬੰਦੀ ਅਤੇ ਸ਼ਕਤੀ ਦੇ ਰੂਪ ਵਿਚ ਵਿਕਾਸ ਕੀਤਾ। ਧਰਮ ਗੁਰੂ ਭਾਵ ਰਾਜ ਗੁਰੂ ਵੀ ਮੁੱਖ ਤੌਰ ਤੇ ਰਾਜੇ ਨੂੰ ਚੰਗਾ ਰਾਜਾ ਕਿਵੇਂ ਬਣਾਇਆ ਜਾਵੇ, ਚੰਗਾ ਰਾਜ ਕਿਵੇਂ ਕੀਤਾ ਜਾਏ ਅਤੇ ਮਨੁੱਖੀ ਭਲੇ ਲਈ ਕੀ ਕੀ ਨੀਤੀਆਂ ਬਣਾਈਆਂ ਜਾਣ, ਬਾਰੇ ਪ੍ਰੇਰਨਾ, ਨੀਤੀ ਆਧਾਰ ਅਤੇ ਦਿਸ਼ਾ ਨਿਰਦੇਸ਼ਨ ਦਿੰਦਾ ਸੀ। ਇਨ੍ਹਾਂ (ਧਰਮ ਗੁਰੂ) ਰਾਜ ਗੁਰੂ ਅਤੇ ਰਾਜੇ ਦੇ ਸਬੰਧਾਂ ਦੇ ਸਮੁੱਚੇ ਪਰਿਪੇਖ ਨੂੰ ਹੀ ਧਰਮ ਅਤੇ ਰਾਜਨੀਤੀ ਦੇ ਸਬੰਧ ਵਿਚ ਵਿਚਾਰਿਆ ਜਾਣਾ ਚਾਹੀਦਾ ਹੈ। ਇਸ ਸਥਿਤੀ ਨੂੰ ਇਤਿਹਾਸ ਵਿਚ ਲਗਪਗ ਪਿਛਲੇ 3 ਹਜ਼ਾਰ ਸਾਲ ਤੋਂ ਵੱਖ-ਵੱਖ ਖੇਤਰਾਂ ਵਿਚ ਇਕ ਜਾਂ ਦੂਜੇ ਰੂਪ ਵਿਚ ਵਿਕਾਸ ਹੋਇਆ ਵੇਖਿਆ ਜਾ ਸਕਦਾ ਹੈ। ਧਰਮ ਗੁਰੂ ਦੀ ਸੰਸਥਾ ਨੂੰ ਮੈਂ ਚਰਚ ਭਾਵ ਰਾਜ ਗੁਰੂ ਦੇ ਪ੍ਰਤੀਕਾਤਮਿਕ ਰੂਪ ਵਿਚ ਅੱਗੇ ਵਰਤਾਂਗਾ ਜਿਸ ਨੇ ਸਿੱਖ ਰਾਜ ਸੱਤਾ ਦੇ ਸਬੰਧ ਵਿਚ ਇਕ ਨਿਵੇਕਲੀ ਭੂਮਿਕਾ

ਨਿਭਾਈ ਹੈ।

ਵਿਸ਼ਵ ਦੀ ਹਰ ਖੇਤਰ ਵਿਚ ਬਦਲਦੀ ਤਸਵੀਰ ਵਿਚ, ਪੈਦਾ ਹੋਈਆਂ ਨਵੀਆਂ ਲੋੜਾਂ ਦੇ ਸਬੰਧ ਵਿਚ ਧਰਮ ਗੁਰੂਆਂ ਦੀ ਨਵੀਂ ਭੂਮਿਕਾ ਨੂੰ ਨਾ ਕੇਵਲ ਵਿਚਾਰਿਆ ਹੀ ਜਾ ਰਿਹਾ ਹੈ ਸਗੋਂ ਇਨ੍ਹਾਂ ਦੇ ਆਪਸੀ ਸਬੰਧਾਂ ਦੀ ਨਵੀਂ ਵਿਆਖਿਆ ਅਤੇ ਉਦੇਸ਼ਾਂ ਲਈ ਨਵੇਂ ਯਤਨ ਹੋ ਰਹੇ ਹਨ। ਪਰ ਇਸ ਸਮੁੱਚੇ ਵਿਚਾਰ ਤੋਂ ਇਕ ਗੱਲ ਬੜੀ ਸਪੱਸ਼ਟ ਉਭਰਦੀ ਹੈ ਕਿ ਧਰਮ, ਧਰਮ ਸੰਸਥਾ, ਧਰਮ ਗੁਰੂ ਅਤੇ "ਰਾਜ ਗੁਰੂ" ਦੀਆਂ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਅੱਜ ਦੇ ਬਦਲਦੇ ਵਿਸ਼ਵ ਦੇ ਵੱਖ-ਵੱਖ ਪ੍ਰਸੰਗਾਂ ਵਿਚੋਂ ਮਨਫ਼ੀ ਕਰਕੇ ਨਹੀਂ ਵੇਖਿਆ ਜਾ ਸਕਦਾ ਅਤੇ ਨਾ ਹੀ ਇਹ ਮਨਫ਼ੀ ਹੋਇਆ ਹੀ ਹੈ ਸਗੋਂ ਵਿਗਿਆਨ, ਤਕਨੀਕੀ ਗਿਆਨ ਅਤੇ ਪਦਾਰਥਿਕ ਤਰੱਕੀ ਆਦਿ ਕਾਰਨ ਹੋਏ। ਕੁਝ ਨਕਾਰਾਤਮਕ ਰੁਝਾਨਾਂ ਦੇ ਕਾਰਨ ਧਰਮ ਅਤੇ ਧਰਮ ਸੰਸਥਾਵਾਂ ਦੀ ਲੋੜ ਮਨੁੱਖ ਲਈ ਹੋਰ ਵੀ ਵਧੇਰੇ ਸਪਸ਼ਟ ਹੋਈ ਹੈ ਭਾਵੇਂ ਪਿਛਲੇ 200 ਸਾਲ ਤੋਂ ਕੁਝ ਸ਼ਕਤੀਆਂ ਨੇ ਧਰਮ ਦੀ ਲੋੜ ਨੂੰ ਮਨੁੱਖ ਦੇ ਜੀਵਨ ਵਿਚੋਂ ਮਨਫ਼ੀ ਕਰਨ ਦੇ ਬੇਅੰਤ ਯਤਨ ਕੀਤੇ ਹਨ। ਵਿਸ਼ਵ ਦੇ ਵੱਖ-ਵੱਖ ਸਮਾਜਾਂ ਦੀ ਆਪਣੀ ਧਰਮ ਗੁਰੂ ਅਥਵਾ ਰਾਜ ਗੁਰੂ ਪਰੰਪਰਾ ਦੇ ਵਿਚ ਹੀ ਅਕਾਲ ਤਖ਼ਤ ਸਾਹਿਬ ਅਤੇ 'ਮੀਰੀ'-'ਪੀਰੀ' ਦੀ ਧਾਰਨਾ ਨੂੰ ਇਕ ਸੰਸਥਾ ਦੇ ਦੋ ਪਾਸਿਆਂ ਵਾਂਗ ਵੇਖਿਆ ਜਾਣਾ ਚਾਹੀਦਾ ਹੈ। ਯਾਨੀ ਅਕਾਲ ਤਖ਼ਤ ਸਾਹਿਬ ਭਾਵੇਂ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਨਾ ਕੇਵਲ ਸਿੱਖ ਪੰਥ ਵਿਚ ਸਗੋਂ ਵਿਸ਼ਵ ਵਿਚ ਸਰਵਉੱਚ ਸਥਾਨ ਨੂੰ ਪ੍ਰਾਪਤ ਹੈ ਪਰ ਜਦੋਂ ਅਸੀਂ 'ਮੀਰੀ'-'ਪੀਰੀ' ਦੀ ਧਾਰਨਾ ਨੂੰ ਧਰਮ ਗੁਰੂ ਅਤੇ ਰਾਜ ਗੁਰੂ ਦੇ ਪਰਿਪੇਖ ਵਿਚ ਵਿਚਾਰਦੇ ਹਾਂ ਤਾਂ ਸਿੱਖ ਚਰਚ ਦੇ ਸਿੰਘ ਸਾਹਿਬਾਨ, ਜਿਨ੍ਹਾਂ ਦੇ ਹੱਥ 'ਮੀਰੀ'-'ਪੀਰੀ' ਦੀ ਸ਼ਕਤੀ ਦਾ ਪ੍ਰਤਨਿਧਤਵ ਕਰਨ ਦਾ ਅਧਿਕਾਰ ਹੈ, ਉਪਰ ਵਿਚਾਰ ਕੀਤੀ ਗਈ ਸਮੂਹਿਕ ਸਿਆਣਪ ਦੀ ਮਨੁੱਖੀ ਵਿਰਾਸਤ ਦੇ ਇਕ ਵਾਰਸ ਜਾਂ ਅੰਗ ਹਨ ਜੋ ਇਨ੍ਹਾਂ ਦੀ ਸ਼ਕਤੀ ਅਤੇ ਅਧਿਕਾਰ ਦਾ ਸੋਮਾ ਵੀ ਹੈ। ਖ਼ਾਲਸਾ ਪੰਥ ਇਸ ਵਿਰਾਸਤ ਦੇ ਸਿੱਖ ਕਾਂਡ ਦਾ ਆਗੂ ਸਮੂਹ ਹੈ।

## ਅਕਾਲ ਤਖ਼ਤ ('ਮੀਰੀ'-'ਪੀਰੀ') ਦੀ ਧਾਰਨਾ ਦੇ ਮੁੱਖ ਮੁੱਦੇ

ਜਿਵੇਂ ਪਿਛੇ ਬਿਆਨ ਕੀਤਾ ਗਿਆ ਹੈ ਕਿ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਾ ਮੁੱਖ ਆਧਾਰ ਸਿੱਖ ਸਿਧਾਂਤਾਂ ਦੀ ਰਖਵਾਲੀ ਤੱਕ ਹੀ ਸੀਮਿਤ ਨਹੀਂ ਹੈ ਸਗੋਂ ਇਸ ਕੋਲ ਗੁਰਬਾਣੀ ਦੀ ਰੂਹ ਅਤੇ ਸੱਚ ਅਨੁਸਾਰ ਮਨੁੱਖਤਾ ਨੂੰ ਹਰ ਸਮੇਂ ਪੇਸ਼ ਸਮੱਸਿਆਵਾਂ ਦੇ ਹੱਲ ਅਤੇ ਹਰ ਯੁੱਗ ਦੇ ਇਕ ਨਵੇਂ ਵਿਸ਼ਵ ਵਿਧਾਨ ਸਥਾਪਿਤ ਕਰਨ ਲਈ ਸਿੱਖਾਂ ਦੁਆਰਾ ਖ਼ਾਲਸਾ ਪੰਥ ਦੀ ਅਗਵਾਈ ਹੇਠ ਇਕ ਮੁਕੰਮਲ ਕਿਰਿਆਸ਼ੀਲ ਕਾਰਜ ਸੂਚੀ ਵੀ ਹੈ। ਇਸ ਨੂੰ ਸਾਕਾਰ ਰੂਪ ਦੇਣ ਲਈ ਜਿੱਥੇ ਅਕਾਲ ਤਖਤ ਸਾਹਿਬ ਨੇ ਆਪਣੇ ਸ਼ਕਤੀ ਸੋਮਿਆਂ ਰਾਹੀਂ ਸਿੱਧੇ ਰੂਪ ਵਿਚ ਕਰਮਸ਼ੀਲ ਹੋਣਾ ਹੈ ਉੱਥੇ ਹਰ ਸਿੱਖ ਅਤੇ ਹਰ ਮਨੁੱਖ ਮਾਤਰ ਨੂੰ ਉਸੇ ਅਨੁਸਾਰ ਵਿਸ਼ਾਲ ਨੀਤੀ ਅਤੇ ਦਿਸ਼ਾ ਨਿਰਦੇਸ਼ ਵੀ ਜਾਰੀ ਕਰਨਾ ਹੈ। ਅਕਾਲ ਤਖ਼ਤ ਸਾਹਿਬ ਚੂੰਕਿ ਖਾਲਸਾ ਪੰਥ ਦੀ ਇਕ ਪ੍ਰਤਿਨਿਧ ਸੰਸਥਾ ਹੈ, ਇਸ ਲਈ ਇਸ ਦੇ ਸਿੰਘ ਸਾਹਿਬਾਨ ਨੂੰ ਆਪਣੇ ਸਿੱਧੇ ਅਧਿਕਾਰ ਹੇਠਲੀਆਂ ਧਾਰਮਿਕ ਅਤੇ ਬੌਧਿਕ ਸੰਸਥਾਵਾਂ ਰਾਹੀਂ ਸਿੱਖ ਪੰਥ ਦੀ ਸ਼ਕਤੀ ਨੂੰ ਵੀ ਸੰਗਠਿਤ ਕਰਨ ਵਿਚ ਆਪਣਾ ਯੋਗਦਾਨ ਪਾਉਣਾ ਹੈ। ਉਨ੍ਹਾਂ ਨੇ ਆਪਣੇ ਅਧੀਨ ਵੱਖ ਵੱਖ ਮਨੁੱਖੀ ਅਨੁਸ਼ਾਸਨਾਂ (Human Disciplines) ਨਾਲ ਸਬੰਧਿਤ ਸਲਾਹਕਾਰਾਂ ਤੇ ਹੋਰ ਮਾਹਿਰ ਵਿਅਕਤੀਆਂ ਦਾ ਢਾਂਚਾ ਸਿਰਜਣਾ ਹੈ ਜਿਨ੍ਹਾਂ ਰਾਹੀਂ ਉਨ੍ਹਾਂ ਨੇ ਸਿੱਖ ਪੰਥ ਤੇ ਮਨੁੱਖਤਾ ਦੇ ਹਰ ਕਿਰਿਆਸ਼ੀਲ ਖੇਤਰ ਨੂੰ ਇਕ ਜਾਂ ਦੂਜੇ ਢੰਗ ਨਾਲ ਪ੍ਰਭਾਵਿਤ/ਪ੍ਰਕਾਸ਼ਿਤ ਕਰਨਾ ਹੈ।

ਹੈਰਾਨੀ ਹੁੰਦੀ ਹੈ ਕਿ ਜਿਸ ਸੰਸਥਾ ਦਾ ਰੁਤਬਾ ਸਿਧਾਂਤਕ, ਇਤਿਹਾਸਕ ਅਤੇ ਸਮਕਾਲੀਨ ਸਥਿਤੀਆਂ ਵਿਚ ਇਕ ਮਹਾਨਤਾ ਨੂੰ ਪ੍ਰਾਪਤ ਕਰ ਗਿਆ ਹੋਵੇ, ਉਸ ਦੇ ਸਿੰਘ ਸਾਹਿਬਾਨ ਅਤੇ ਖ਼ਾਲਸਾ ਪੰਥ ਹੀ ਪਹਿਲੀ ਹਾਲਤ ਵਿਚ ਆਪਣੇ ਕੀਤੇ ਜਾਣ ਵਾਲੇ ਪ੍ਰੋਗਰਾਮ ਦਾ ਬੋਧ ਹੀ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਲਈ ਇਕ ਸ਼ਕਤੀਸ਼ਾਲੀ ਸਕੱਤਰੇਤ, ਫੰਡਜ਼ ਅਤੇ ਹੋਰ ਮਨੁੱਖੀ ਵਸੀਲੇ ਆਦਿ ਦੇ ਇੰਤਜ਼ਾਮ ਕੀਤੇ ਗਏ ਹਨ। ਨਤੀਜੇ ਵਜੋਂ ਉਨ੍ਹਾਂ ਦੀ ਸੰਸਥਾ ਤੇ ਮਨੁੱਖਤਾ ਦੀਆਂ ਲੋੜਾਂ ਅਨੁਸਾਰ ਕੀਤੇ ਜਾਣ ਵਾਲੇ ਕੰਮਾਂ ਦੀ ਕਾਰਜ ਸੂਚੀ ਹੀ ਨਿਰਧਾਰਿਤ ਨਹੀਂ ਕੀਤੀ ਗਈ। ਭਾਵੇਂ ਇਹ ਲੇਖ ਲੋੜ ਤੋਂ ਵਧੇਰੇ ਲੰਬਾ ਹੋ ਰਿਹਾ ਹੈ ਪਰ ਵਿਸ਼ੇ ਦੀ ਲੋੜ ਅਤੇ ਸਿੱਖ ਭਵਿੱਖ ਨੂੰ ਮੁੱਖ ਰੱਖਦਿਆ ਮੈਂ ਅਕਾਲ ਤਖ਼ਤ ਸਾਹਿਬ ਤੇ 'ਮੀਰੀ'-'ਪੀਰੀ' ਨੂੰ ਇਕ ਸੰਸਥਾ ਦੇ ਰੂਪ ਵਿਚ ਵੇਖਦਿਆਂ ਹੋਇਆ ਹੇਠਾਂ ਇਸ ਦਾ ਵੱਖ ਵੱਖ ਖੇਤਰਾਂ ਵਿਚ (ਕੇਵਲ ਹੈਡਿੰਗ ਰੂਪ ਵਿਚ) ਇਸ ਦੇ ਪ੍ਰੋਗਰਾਮ ਦੇ ਰਿਹਾ ਹਾਂ ਜਿਨ੍ਹਾਂ ਦੇ ਵਿਸਤਾਰ ਲਈ ਇਕ ਪੂਰੀ ਪੁਸਤਕ ਲੋੜੀਂਦੀ ਹੈ :

*(ੳ) 'ਪੀਰੀ' ਪੱਖਾਂ ਦੀ ਕਾਰਜ ਸੂਚੀ*

(i) ਅਧਿਆਤਮਕ ਅਤੇ ਵਿਚਾਰਧਾਰਕ ਖੇਤਰ ਜਿਸ ਵਿੱਚ, ਨਿਆਂ, ਸੱਚ, ਨੈਤਿਕਤਾ, ਗਿਆਨ, ਸ਼ਬਦ ਗੁਰੂ ਆਦਿ ਵਿਸ਼ੇ ਆ ਜਾਂਦੇ ਹਨ।

(ii) ਸੰਸਥਾਗਤ ਏਜੰਡਾ, ਜਿਸ ਅਧੀਨ ਗੁਰਦੁਆਰਾ ਪ੍ਰਬੰਧ, ਸਰਬੱਤ ਖ਼ਾਲਸਾ, ਗੁਰਮਤਿਆਂ ਦਾ ਵਿਧੀ ਵਿਧਾਨ, ਹੁਕਮਨਾਮੇ, ਸਿੱਖ ਸੰਸਥਾਵਾਂ ਦਾ ਕਿਰਦਾਰ, ਖ਼ਾਲਸਾ ਗਣਤੰਤਰ ਅਤੇ ਗਣਤੰਤਰ, ਅਕਾਲ ਤਖ਼ਤ ਸੰਸਥਾ ਰੂਪ ਵਿੱਚ ਅਤੇ ਹੋਰ ਪੀਰੀ ਸੰਬੰਧਿਤ ਸੰਸਥਾਗਤ ਵਿਸ਼ੇ।

(iii) ਬੋਧਿਕ ਖੇਤਰ ਜਿਸ ਵਿੱਚ ਅਕਾਲ ਤਖ਼ਤ ਦੇ ਸਿੱਖ ਵਿਦਵਾਨਾਂ, ਵਿਸ਼ਵ ਗਿਆਨ, ਗਿਆਨ ਪ੍ਰਣਾਲੀਆਂ, ਬੋਧਿਕ ਸੰਸਥਾਵਾਂ ਆਦਿ ਵਿਸ਼ੇ ਆ ਜਾਂਦੇ ਹਨ।

*(ਅ) 'ਮੀਰੀ' ਪੱਖ ਦੀ ਕਾਰਜ ਸੂਚੀ*

(i) ਸਿੱਖ ਰਾਜਨੀਤਿਕ ਵਿਚਾਰਧਾਰਾ, ਦੇਸ਼ ਦੀ ਰਾਜਨੀਤਿਕ ਵਿਚਾਰਧਾਰਾ ਅਤੇ ਉਸ ਦਾ ਸਿੱਖ ਰਾਜਨੀਤੀ ਉਤੇ ਪ੍ਰਭਾਵ, ਭਾਰਤੀ ਸੰਵਿਧਾਨ, ਸਿੱਖ ਮੂਲਵਾਦ, ਸੱਤਾ ਅਤੇ ਰਾਜਨੀਤਿਕ ਸੰਘਰਸ਼ ਆਦਿ।

(ii) ਅੰਤਰ-ਰਾਸ਼ਟਰੀ ਏਜੰਡਾ, ਵਿਸ਼ਵ ਧਰਮ ਤੇ ਅਕਾਲ ਤਖ਼ਤ, ਅੰਤਰ-ਰਾਸ਼ਟਰੀ ਵਿਚਾਰਧਾਰਿਕ ਰੁਝਾਣ ਸੰਯੁਕਤ ਰਾਸ਼ਟਰ ਸੰਘ, ਮਨੁੱਖੀ ਅਧਿਕਾਰ ਅਤੇ ਵਿਗਿਆਨ ਅਤੇ ਅਕਾਲ ਤਖ਼ਤ ਆਦਿ।

(iii) ਆਰਥਿਕ ਏਜੰਡਾ ਸਿੱਖ ਆਰਥਿਕਤਾ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਆਰਥਿਕਤਾ ਦਾ ਪ੍ਰਭਾਵ

## ਮੀਰੀ-ਪੀਰੀ ਦੀ ਧਾਰਨਾ ਦੀ ਪ੍ਰਚਲਿਤ ਵਿਆਖਿਆ : ਸਿੱਖ ਪੰਥ ਨੂੰ ਹੋਏ ਲਾਭ, ਉਪਜੀਆਂ ਸਮੱਸਿਆਵਾਂ ਅਤੇ ਭਵਿੱਖਤੀ ਸੰਭਾਵਨਾਵਾਂ

ਹਰ ਸਮਾਜ/ਕੌਮ ਦੀ ਉਤਪਤੀ, ਤਰੱਕੀ ਅਤੇ ਸ਼ਕਤੀ, ਸਿਧਾਂਤ ਅਤੇ ਬੁਨਿਆਦ ਕੁਝ'ਕੁ ਬੁਨਿਆਦੀ ਸਿਧਾਂਤਾਂ ਅਤੇ ਸੰਸਥਾਵਾਂ ਉੱਤੇ ਆਧਾਰਿਤ ਹੁੰਦੀ ਹੈ ਜਾਂ ਇੰਝ ਕਹਿ ਲਵੋ ਕਿ ਸੰਸਥਾਵਾਂ ਹੀ ਇਕ ਕੌਮ ਨੂੰ ਕੌਮ ਬਣਾਉਂਦੀਆਂ ਹਨ। ਸਮਾਜ ਵਿਚ ਕੁਝ ਅਜਿਹੀਆਂ ਸੰਸਥਾਵਾਂ ਵੀ ਪ੍ਰਗਟ ਹੋ ਜਾਂਦੀਆਂ ਹਨ ਜੋ ਜ਼ਾਹਰਾ ਰੂਪ ਵਿਚ ਸਰਗਰਮ ਹੋ ਕੇ ਸਬੰਧਿਤ ਸਮਾਜ ਦਾ ਸਮੁੱਚਾ ਪ੍ਰਤੀਨਿਧਤਵ ਕਰਨ ਦਾ ਅਧਿਕਾਰ ਧਾਰਨ ਕਰ ਜਾਂਦੀਆਂ ਹਨ। ਰਾਜਨੀਤੀ

ਤੇ ਸੱਤਾ ਦੀਆਂ ਸੰਸਥਾਵਾਂ ਅਜਿਹੀਆਂ ਹੀ ਸੰਸਥਾਵਾਂ ਹਨ। ਕੁਝ ਸੰਸਥਾਵਾਂ ਦੇ ਕਾਰਜ-ਖੇਤਰ ਅਤੇ ਪ੍ਰਾਪਤੀਆਂ ਨੂੰ ਉਸ ਸਮਾਜ ਦੀ ਅਸਲ ਸ਼ਕਤੀ ਅਥਵਾ ਰੀੜ੍ਹ ਦੀ ਹੱਡੀ ਸਮਝਿਆ ਜਾਂਦਾ ਹੈ। ਧਰਮ, ਧਰਮ ਨਾਲ ਸਬੰਧਿਤ ਅਤੇ ਵਿਦਿਅਕ ਆਦਿ ਸੰਸਥਾਵਾਂ ਅਜਿਹੀਆਂ ਧਾਰਾਵਾਂ ਹਨ, ਜੋ ਸਮਾਜ ਵਿਚ ਗਿਆਨ, ਨੈਤਿਕਤਾ, ਸਦਾਚਾਰਕ ਕੀਮਤਾਂ ਦੇ ਨਾਲ-ਨਾਲ ਉਸ ਸਮਾਜ ਦਾ ਸਮੁੱਚਾ ਬੌਧਿਕ ਪੱਧਰ ਵੀ ਉਸਾਰਦੀਆਂ ਹਨ। ਚੂੰਕਿ ਰਾਜਨੀਤੀ ਦੀ ਪ੍ਰਕਿਰਿਆ ਰਾਹੀਂ ਪ੍ਰਾਪਤ ਹੋਣ ਵਾਲੀ ਸੱਤਾ ਪਾਸ ਸਬੰਧਿਤ ਸਮਾਜ ਦੇ ਭੂਗੋਲਿਕ ਖੇਤਰ ਵਿਚਲੇ ਸਮੁੱਚੇ ਕੁਦਰਤੀ ਸਾਧਨ ਅਤੇ ਸਰਕਾਰੀ ਖ਼ਜ਼ਾਨਾ ਆਦਿ ਸ਼ਕਤੀਆਂ ਆ ਜਾਂਦੀਆਂ ਹਨ ਅਤੇ ਜੋ ਸਬੰਧਿਤ ਸਮਾਜਾਂ ਦੀ ਤਕਦੀਰ ਨਾਲ ਸਬੰਧਿਤ ਹਰ ਸੰਸਥਾਵਾਂ ਉਤੇ ਲਾਗੂ ਹੋਣ ਵਾਲੇ ਫ਼ੈਸਲੇ ਲੈਣ ਦੇ ਸਮਰੱਥ ਵੀ ਪਹੁੰਚ ਜਾਂਦੀ ਹੈ। ਇਸ ਨੂੰ ਇਹ ਸ਼ਕਤੀ ਸੁੱਤੇ ਸਿੱਧ ਹੀ ਮਿਲ ਜਾਂਦੀ ਹੈ। ਪਰ ਫਿਰ ਵੀ ਧਰਮ, ਧਰਮ ਗੁਰੂਆਂ, ਧਰਮ ਸੰਸਥਾਵਾਂ ਅਤੇ ਸਿਧਾਂਤਕ ਵਿਆਖਿਆ ਦੇ ਅਧਿਕਾਰ ਕਾਰਨ ਸਮਾਜ ਦੀ ਇਹੋ ਹੀ ਇਕੋ ਇਕ ਸੂਖਮ ਸ਼ਕਤੀ ਹੁੰਦੀ ਹੈ ਜੋ ਰਾਜ ਅਤੇ ਰਾਜ ਸੱਤਾ ਦੇ ਭਵਿੱਖ ਨੂੰ ਪ੍ਰਕਾਸ਼ਿਤ ਕਰਦੀ ਆਈ ਹੈ। ਇਸ ਪ੍ਰਥਾਇ ਸਿੱਖ ਇਤਿਹਾਸ ਸਮੇਤ ਵਿਸ਼ਵ ਇਤਿਹਾਸ ਵਿਚ ਹਰ ਧਰਮ ਨੇ ਆਪਣੀ ਚਰਚ ਪ੍ਰਣਾਲੀ ਤੇ ਹੋਰ ਅਜਿਹੀਆਂ ਸੰਸਥਾਵਾਂ ਸਿਰਜ ਲਈਆਂ ਹਨ ਜਿਹਨਾਂ ਉਤੇ ਇਕ ਜਾਂ ਦੂਜੇ ਢੰਗਾਂ ਨਾਲ ਧਰਮ ਗੁਰੂਆਂ ਦਾ ਪ੍ਰਕਾਸ਼ਨ ਬਣਿਆ ਰਹਿੰਦਾ ਹੈ। ਧਰਮ ਅਤੇ ਧਰਮ ਗੁਰੂਆਂ ਦੀ ਸ਼ਖ਼ਸੀਅਤ ਦੇ ਪ੍ਰਭਾਵ ਕਾਰਨ ਹੀ ਰਾਜਨੀਤਿਕ ਅਤੇ ਸੱਤਾਧਾਰੀ ਲੋਕ ਇਕ ਜਾਂ ਦੂਜੇ ਕਾਰਨ ਇਹਨਾਂ ਦੀ ਸ਼ਕਤੀ ਨੂੰ ਮਾਨਤਾ ਦਿੰਦੇ ਹੋਏ ਇਨ੍ਹਾਂ ਨੂੰ ਨਤਮਸਤਕ ਵੀ ਹੋਏ ਰਹਿੰਦੇ ਹਨ।

ਜਦੋਂ ਤੱਕ ਸਿੱਖ ਪੰਥ ਵਿਚ ਗੁਰੂ ਸਾਹਿਬ ਆਪ ਸ਼ਖ਼ਸੀ ਰੂਪ ਵਿਚ ਵਿਚਰਦੇ ਸਨ ਉਦੋਂ ਤੱਕ ਉਨ੍ਹਾਂ ਦੀ ਸ਼ਖ਼ਸੀਅਤ ਵਿਚ ਹੀ ਸਾਰਾ ਕੁਝ ਸਮਾਇਆ ਹੋਇਆ ਸੀ। ਉਹੋ ਹੀ ਧਰਮ, ਧਰਮ ਗੁਰੂ, ਧਰਮ ਸੰਸਥਾ ਸਮੇਤ ਬਾਕੀ ਸਾਰੀਆਂ ਸੰਸਥਾਵਾਂ ਅਤੇ ਸਮੁੱਚਾ ਸਿਧਾਂਤ ਸਨ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਸਿੱਖ ਅਗਵਾਈ ਦਾ ਅਧਿਕਾਰ ਸ੍ਰੀ ਗੁਰੂ ਗ੍ਰੰਥ ਅਤੇ ਗੁਰੂ ਪੰਥ ਭਾਵ ਸਿਧਾਂਤ ਦੀ ਤਾਬਿਆ ਖ਼ਾਲਸਾ ਸਮੂਹ ਦੇ ਸਪੁਰਦ ਕੀਤਾ ਤਾਂ ਇਸ ਦਾ ਅਰਥ ਸਿੱਖਾਂ ਦੀ ਅਗਵਾਈ ਦਾ ਅਧਿਕਾਰ ਕਿਸੇ ਇਕ ਸੰਸਥਾ ਦੇ ਆਗੂ ਕੋਲ ਹੋਣਾ ਨਹੀਂ ਸੀ। ਸਗੋਂ ਵੱਖ ਵੱਖ ਸੰਸਥਾਵਾਂ ਵਿਚ ਵਿਚਰਦੇ ਖ਼ਾਲਸਾ ਆਗੂਆਂ ਦੇ ਸਮੂਹ ਦੁਆਰਾ ਇਕ ਮਰਿਆਦਾ ਵਿਚ ਲਏ ਗਏ ਫ਼ੈਸਲਿਆਂ ਵਿਚੋਂ ਹੀ ਗੁਰੂ ਦੀ ਸ਼ਖ਼ਸੀਅਤ (ਫ਼ੈਸਲਿਆਂ) ਦੀ ਹੋਂਦ ਦਾ ਅਹਿਸਾਸ ਪਾਇਆ ਜਾਣਾ ਸੀ। ਸੰਕਲਪਿਕ ਅਤੇ ਪ੍ਰਤੀਕਾਤਮਿਕ ਰੂਪ ਵਿਚ ਸਰਬੱਤ ਖ਼ਾਲਸਾ ਅਤੇ ਗੁਰਮਤਾ ਦੀਆਂ ਸੰਸਥਾਵਾਂ ਇਸ ਵਿਚਾਰ ਦਾ ਅਮਲੀ ਪ੍ਰਗਟਾਵਾ ਹਨ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਇਤਿਹਾਸ ਵਿਚ 'ਮੀਰੀ-ਪੀਰੀ' ਦੀ ਧਾਰਨਾ ਦੇ ਅਮਲੀ ਕਰਨ ਦੇ ਸਬੰਧ ਵਿਚ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖ ਆਗੂਆਂ ਵਿਚ ਹੋਏ ਪ੍ਰਤੀਨਿਧਤਵ ਦੇ ਅਧਿਕਾਰ ਤੋਂ ਉਪਜੇ ਘਟਨਾ-ਕ੍ਰਮ ਦੇ ਹੱਲ ਸਮੇਂ ਮਾਤਾ ਸੁੰਦਰੀ ਜੀ ਵਲੋਂ ਸਮਕਾਲੀ ਧਰਮ ਗੁਰੂ ਸ਼ਖ਼ਸੀਅਤ ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਭੇਜਿਆ ਗਿਆ। ਇਹ ਵਾਦ ਵਿਵਾਦ ਹੱਲ ਕਰਨ ਸਮੇਂ ਜਿੱਥੇ ਇਕ ਪਾਸੇ ਇਤਿਹਾਸ ਦਾ ਇਕ ਖਲਾਅ ਪੂਰਾ ਹੋਇਆ ਸੀ, ਉਥੇ ਸਿੱਖ ਧਰਮ ਤੇ ਪੰਥ ਨੂੰ ਅਕਾਲ ਤਖ਼ਤ ਸੰਕਲਪ, ਸੰਸਥਾ ਅਤੇ ਸਥਾਨ ਦੀ ਨਵੀਂ ਸ਼ਕਤੀ ਮਿਲ ਗਈ ਸੀ। ਅਜਿਹੀ ਸ਼ਕਤੀ ਦਾ ਤੋਂ ਹੀ ਬਾਅਦ ਵਿਚ ਸਿੱਖ ਪੰਥ ਦੇ ਆਗੂਆਂ ਵਲੋਂ ਆਪਣੀਆਂ ਸਮਕਾਲੀਨ ਸਮੱਸਿਆਵਾਂ

ਦੇ ਹੱਲ ਲਈ ਕੀਤੇ ਗਏ ਯਤਨਾਂ ਦੀ ਕੇਂਦਰੀਅਤਾ ਕਾਰਨ 'ਮੀਰੀ-ਪੀਰੀ' ਦੇ ਸਿਧਾਂਤ ਨੂੰ ਵੀ ਨਵੇਂ ਅਰਥ ਅਤੇ ਮਕਸਦ ਮਿਲੇ ਸਨ ਜਿਨ੍ਹਾਂ ਕਾਰਣ ਪਹਿਲਾਂ "ਸਰਬਤ ਖ਼ਾਲਸਾ ਕਾਲ" ਸਮੇਂ ਅਤੇ ਬਾਅਦ ਵਿਚ ਅਕਾਲੀ ਫੂਲਾ ਸਿੰਘ ਦੀ ਲੀਡਰਸ਼ਿਪ ਸਮੇਂ ਅਕਾਲ ਤਖ਼ਤ ਯਾਨੀ ਸਿੱਖ ਚਰਚ ਦਾ ਜਥੇਬੰਦਕ ਆਧਾਰ ਤੇ ਨਿਖਾਰ ਹੋਰ ਮਜ਼ਬੂਤ ਹੋਇਆ। ਪੁਜਾਰੀ ਕਾਲ ਦੇ ਖ਼ਾਤਮੇ ਨਾਲ ਹੀ ਇਸ ਦਾ ਕੰਟ੍ਰੋਲ ਪੰਥਕ ਹੱਥਾਂ ਵਿਚ ਆਉਣ ਨਾਲ 'ਮੀਰੀ-ਪੀਰੀ' ਦੀ ਧਾਰਨਾ ਨੂੰ ਵੀਹਵੀਂ ਸਦੀ ਵਿਚ ਇਕ ਨਵਾਂ ਏਜੰਡਾ, ਮਕਸਦ ਤੇ ਸ਼ਕਤੀ ਮਿਲੀ ਜਿਸ ਨਾਲ ਇਸ ਦਾ ਵਰਤਮਾਨ ਸਰੂਪ ਸਾਡੀ ਵਿਚਾਰ ਦਾ ਹੁਣ ਵਿਸ਼ਾ ਹੈ।

ਇਸ ਉਪਰੋਕਤ ਚਰਚਾ ਤੋਂ ਬਾਅਦ ਵਰਤਮਾਨ ਸਮੇਂ ਵਿਚ 'ਮੀਰੀ-ਪੀਰੀ' ਦੀ ਧਾਰਨਾ ਦੀ ਕੀਤੀ ਜਾ ਰਹੀ ਵਿਆਖਿਆ-"ਚੂੰਕਿ ਅਕਾਲ ਤਖ਼ਤ 'ਮੀਰੀ-ਪੀਰੀ' ਦੇ ਸੁਮੇਲ ਦਾ ਪ੍ਰਤੀਕ ਹੈ ਇਸ ਲਈ ਸਿੱਖਾਂ ਦਾ ਧਰਮ ਅਤੇ ਰਾਜਨੀਤੀ ਇਕ ਹੀ ਹਨ", ਅਕਾਲੀ ਰਾਜਨੀਤਕਾਂ ਸਮੇਤ ਪੰਥ ਦੇ ਕੁਝ ਵਿਦਵਾਨਾਂ ਵਲੋਂ ਬੀਤੇ ਸਮੇਂ ਕੀਤੀ ਧਾਰਨਾ ਦੀ ਉਪਰੋਕਤ ਵਿਆਖਿਆ ਨੇ ਭਾਵੇਂ ਸਿੱਖ ਸ਼ਕਤੀ ਨੂੰ ਇਕ ਜਾਂ ਦੂਜੇ ਕਾਰਨ ਸ਼ਕਤੀਸ਼ਾਲੀ ਵੀ ਕੀਤਾ ਹੈ ਪਰ ਇਸ ਦੇ ਅਜਿਹੇ ਅਰਥਾਂ ਨਾਲ ਇਸ ਧਾਰਨਾ ਨੂੰ ਨਾ ਹੀ ਠੀਕ ਪ੍ਰਸੰਗ ਵਿਚ ਸਮਝਿਆ ਗਿਆ ਹੈ ਅਤੇ ਨਾ ਹੀ ਇਤਿਹਾਸ ਵਿਚ ਸਮੁੱਚੇ ਸਿੱਖ ਆਗੂਆਂ ਦੁਆਰਾ ਇਸ ਧਾਰਨਾ ਨਾਲ ਇਨਸਾਫ਼ ਕੀਤਾ ਗਿਆ ਹੈ। ਸਗੋਂ ਇਸ ਦਾ ਸੋਸ਼ਣ ਵੀ ਕੀਤਾ ਗਿਆ ਹੈ। ਅਕਾਲ ਤਖ਼ਤ ਸਾਹਿਬ ਤਾਂ ਸਿੱਖ ਧਰਮ ਦੇ ਧਰਮ ਆਗੂਆਂ ਦੀ ਅਗਵਾਈ ਹੇਠ ਅਜਿਹੀ ਪਿਤਾ ਰੂਪੀ ਸੰਸਥਾ ਹੈ ਜੋ ਉਪਰੋਕਤ ਬਿਆਨੀ ਮਨੁੱਖੀ ਵਿਰਾਸਤ ਦਾ ਇਕ ਸਿੱਖ ਪ੍ਰਕਾਸ਼ਨ ਹੈ, ਜਿਸ ਨੇ ਸਿੱਖ ਪੰਥ ਦੀ ਹਰ ਸੰਸਥਾ ਅਥਵਾ ਧਾਰਾ ਨੂੰ ਸਿੱਖੀ ਤੇ ਮਨੁੱਖਤਾ ਦੇ ਉਜਵਲ ਭਵਿੱਖ ਲਈ ਲੋੜੀਂਦੇ ਦਿਸ਼ਾ ਨਿਰਦੇਸ਼ ਦੇਣੇ ਹਨ। ਅਕਾਲ ਤਖ਼ਤ ਸਾਹਿਬ ਸੰਸਥਾ ਦੀ ਕੇਂਦਰੀਅਤਾ ਹੀ ਇਸ ਕਾਰਨ ਇੰਨੀ ਬਲਵਾਨ ਹੈ ਕਿ ਇਸ ਦੀ ਭੂਮਿਕਾ ਨੂੰ ਸੀਮਿਤ ਕਰਕੇ ਨਹੀਂ ਵੇਖਿਆ ਜਾ ਸਕਦਾ। ਇਸ ਦੀ ਵਿਆਖਿਆ ਜਿਥੇ ਸਿੱਖ ਜ਼ਮੀਰ ਦੇ ਰਖਵਾਲੇ ਦੇ ਰੂਪ ਵਿਚ ਕੀਤੀ ਜਾਣੀ ਚਾਹੀਦੀ ਹੈ, ਉਥੇ ਇਹ ਪੰਥ ਦੀ ਹਰ ਕਿਰਿਆ ਉਤੇ ਬਾਜ਼ ਅੱਖ ਰੱਖਣ ਵਾਲੀ ਸੰਸਥਾ ਵੀ ਹੋਣੀ ਲੋੜੀਂਦੀ ਹੈ ਜਿਸ ਦੀ ਤਾਬਿਆ ਵਿਚ ਸਿੱਖ ਰਾਜਨੀਤੀ/ਸੱਤਾ ਸਮੇਤ ਸਾਰੀਆਂ ਸੰਸਥਾਵਾਂ ਹਨ। ਇਹ ਕੇਵਲ ਸਿੱਖ ਸਿਧਾਂਤਾਂ ਅਤੇ ਇਸ ਦੇ ਸਰੋਕਾਰਾਂ ਨੂੰ ਬਚਾਉਣ ਵਾਲੀ ਇਕ ਰੱਖਿਆਤਮਕ ਸੰਸਥਾ ਹੀ ਨਹੀਂ ਹੈ ਸਗੋਂ ਧਰਮ, ਸਮਾਜ ਅਤੇ ਸਿਧਾਂਤ ਦੇ ਖੇਤਰਾਂ ਵਿਚ ਕੰਮ ਕਰਨ ਵਾਲੀ ਸੰਸਥਾ ਵਜੋਂ ਇਸ ਦਾ ਇਕ ਮੁਕੰਮਲ ਪਿਛੇ ਬਿਆਨ ਕੀਤਾ ਸੁਤੰਤਰ ਰੂਪ ਵਿਚ ਕਾਰਜ ਖੇਤਰ ਵੀ ਹੈ ਜਿਸ ਨੇ ਸਿੱਖ ਪੰਥ ਅਤੇ ਮਨੁੱਖਤਾ ਤੋਂ ਅਸਿੱਧੇ ਰੂਪ ਵਿਚ ਅਤੇ ਵੱਖ ਵੱਖ ਸਿੱਖ ਸੰਸਥਾਵਾਂ ਤੋਂ ਸਿੱਧੇ ਰੂਪ ਵਿਚ ਇਕ ਨਿਯਮਬੱਧ ਲੈਅ ਵਿਚ ਆਪਣੀ ਸ਼ਕਤੀ ਤੇ ਅਧਿਕਾਰ ਨਾਲ ਹਰ ਸਮੇਂ ਵਿਚ ਪ੍ਰਸੰਗਕ ਰਹਿਣਾ ਹੈ। ਜਿਸ ਨੂੰ ਇਸ ਨੇ ਸਿੱਖ ਪੰਥ (ਮਨੁੱਖਤਾ) ਦੀ ਤਰੱਕੀ, ਸ਼ਕਤੀ ਅਤੇ ਖ਼ੁਸ਼ਹਾਲੀ ਲਈ ਸਫ਼ਲਤਾ ਪੂਰਵਕ ਵਰਤਣਾ ਵੀ ਹੈ।

ਅਠਾਰਵੀਂ ਸਦੀ ਵਿਚ ਜਦੋਂ ਸਿੱਖ ਪੰਥ ਮੁਗਲਾਂ ਨਾਲ ਵੱਖ-ਵੱਖ ਸਮਾਜਕ ਅਤੇ ਸਿੱਖ ਸਬੰਧੀ ਮੁੱਦਿਆਂ ਉਤੇ ਸੰਘਰਸ਼ ਕਰ ਰਿਹਾ ਸੀ ਤਾਂ ਅਕਾਲ ਤਖ਼ਤ ਸਾਹਿਬ ਨੇ ਜਿਥੇ ਸਿੱਖ ਆਗੂਆਂ ਨੂੰ ਚੁੰਬਕ ਵਾਂਗ ਆਪਣੇ ਨਾਲ ਜੋੜੀ ਰੱਖਿਆ, ਉਥੇ ਇਸ ਨੇ ਪੰਥ ਦੇ ਇਕ ਕੇਂਦਰੀ ਸਥਾਨ ਵਜੋਂ ਉਨ੍ਹਾਂ ਨੂੰ ਆਪਸ ਵਿਚ ਵੀ ਇਕ ਮਿਕ ਕਰੀ ਰੱਖਿਆ। ਪੰਜ ਪਿਆਰਿਆਂ ਦਾ ਸੰਸਥਾ ਰੂਪ ਵਿਚ ਵਿਕਾਸ ਭਾਵੇਂ ਉਦੋਂ ਆਪਣੇ ਮੁਢਲੇ ਪੜਾਅ ਵਿਚ ਹੀ ਸੀ ਪਰ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਨੇ ਇਸ ਨੂੰ ਨਾ ਸਿਰਫ਼ ਬਚਾਅ ਕੇ ਰੱਖਿਆ ਸਗੋਂ ਹੋਰ ਅਗਲੇਰੇ

ਵਿਕਾਸ ਲਈ ਆਧਾਰ ਵੀ ਤਿਆਰ ਕੀਤਾ। ਇਹ ਗੱਲ ਵੱਖਰੀ ਹੈ ਕਿ ਪੰਥ ਨੇ ਇਕ "ਵਾਹਦ ਲੀਡਰ" ਦੇ ਸਿਧਾਂਤ ਨੂੰ ਲੋੜ ਤੋਂ ਵਧੇਰੇ ਸ਼ਕਤੀਸ਼ਾਲੀ ਬਣਾ ਕੇ ਸਿੱਖ ਸਮਾਜਿਕ ਕਿਰਿਆਵਾਂ ਵਿਚ ਪੰਜ ਪਿਆਰਿਆਂ ਦੀ ਸੰਸਥਾ ਦੀ ਭੂਮਿਕਾ ਨੂੰ ਸੀਮਿਤ ਕਰ ਦਿੱਤਾ ਹੈ। ਇਸ ਨਾਲ ਖ਼ਾਲਸਾ ਸਮੂਹਿਕ ਲੀਡਰਸ਼ਿਪ (Collective Leadership) ਦਾ ਸਿਧਾਂਤ ਵੀ ਵਿਕਾਸ ਨਾ ਕਰ ਸਕਿਆ ਤੇ ਨਾ ਹੀ ਲੀਡਰਸ਼ਿਪ ਉਤੇ ਕੋਈ ਰੋਕ ਤੇ ਸੰਤੁਲਨ (Checks and Balance) ਦਾ ਵਿਚਾਰ ਹੀ ਕੋਈ ਅਧਿਕਾਰਤ ਆਧਾਰ ਪ੍ਰਾਪਤ ਕਰ ਸਕਿਆ ਹੈ। ਅਜਿਹਾ 'ਮੀਰੀ-ਪੀਰੀ ਦੀ ਧਾਰਨਾ ਨੂੰ ਠੀਕ ਪ੍ਰਸੰਗ ਵਿਚ ਨਾ ਸਮਝਣ ਕਾਰਨ ਹੀ ਹੋਇਆ ਹੈ। 1734 ਦੇ "ਸਰਬੱਤ ਖ਼ਾਲਸਾ" ਇਕੱਠ ਸਮੇਂ ਜਦੋਂ ਨਵਾਬ ਕਪੂਰ ਸਿੰਘ ਨੂੰ ਖ਼ਾਲਸਾ ਪੰਥ ਨੇ ਆਪਣੀ ਅਗਵਾਈ ਕਰਨ ਦਾ ਅਧਿਕਾਰ ਸੌਂਪਿਆ ਤਾਂ ਉਨ੍ਹਾਂ ਨੇ ਇਸ ਨੂੰ ਉਦੋਂ ਹੀ ਸਵੀਕਾਰ ਕੀਤਾ ਜਦੋਂ ਉਨ੍ਹਾਂ ਦੀ ਅਗਵਾਈ ਨੂੰ ਪੰਜ ਪਿਆਰਿਆਂ ਵਲੋਂ ਬਖ਼ਸ਼ਿਸ਼ ਤੇ ਮਾਨਤਾ ਪ੍ਰਦਾਨ ਕੀਤੀ ਗਈ। ਸਿੱਖ ਚਰਚ ਦੀ ਸੰਸਥਾ ਵੀ ਅਜੇ ਆਪਣੇ ਬਾਲਪਨ ਵਿੱਚ ਹੀ ਸੀ ਪਰ ਸਿੱਖ ਧਰਮ ਸਿਧਾਂਤਾਂ ਨੇ ਸੁੱਤੇਸਿਧ ਹੀ ਸਮੁੱਚੇ ਸਿੱਖ ਸੰਘਰਸ਼ ਵਿਚ ਪ੍ਰੇਰਨਾਦਾਇਕ ਅਤੇ ਉਤਸ਼ਾਹ ਵਰਧਕ ਭੂਮਿਕਾ ਨਿਭਾਈ। ਧਰਮ ਆਗੂਆਂ ਅਤੇ ਸੰਘਰਸ਼ਸ਼ੀਲ ਆਗੂਆਂ ਦਾ ਕੁਝ-ਕੁ ਹਾਲਤਾਂ ਨੂੰ ਛੱਡ ਕੇ ਆਪਸ ਵਿਚ ਨਿਖੇੜਾ ਵੀ ਨਹੀਂ ਹੋ ਸਕਿਆ ਸੀ। ਇਸੇ ਲਈ ਅਸੀਂ ਵੇਖਦੇ ਹਾਂ ਕਿ ਰਾਜਨੀਤਿਕ ਅਤੇ ਸੰਘਰਸ਼ੀਲ ਆਗੂ ਹੀ ਧਾਰਮਿਕ ਆਗੂ ਹੁੰਦੇ ਸਨ। ਜਦੋਂ ਬਾਅਦ ਵਿਚ ਸਿੱਖ ਮਿਸਲਾਂ ਕਾਫੀ ਸ਼ਕਤੀਸ਼ਾਲੀ ਹੋਈਆਂ ਅਤੇ ਸਿੱਖ ਲਹਿਰ ਵਿਚ ਸਾਮੰਤੀ ਰੁਚੀਆਂ ਹਾਵੀ ਹੋ ਗਈਆਂ ਤਾਂ ਧਰਮ ਆਗੂ ਅਕਾਲ ਤਖ਼ਤ ਸਾਹਿਬ ਦੇ ਕੇਂਦਰੀ ਸਥਾਨ ਦੁਆਲੇ ਵਿਚਰਦੇ ਹੋਏ ਆਪਸ ਵਿਚ ਕੁਝ ਸੰਕੋਚਵੀਂ ਸਥਿਤੀ ਵਿਚ ਵੀ ਆ ਗਏ ਸਨ। ਇਸ ਵਰਤਾਰੇ ਵਿਚੋਂ ਹੀ ਬਾਅਦ ਵਿਚ ਅਕਾਲੀ ਫੂਲਾ ਸਿੰਘ ਦੇ ਰੂਪ ਵਿਚ ਇਕ ਧਰਮ ਆਗੂ ਸ਼ਖ਼ਸੀਅਤ ਦਾ ਅਤੇ ਰਾਜਨੀਤਿਕ ਖੇਤਰ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਉਭਾਰ ਹੋਇਆ। ਪ੍ਰੇਰਨਾ ਦੇ ਪੱਧਰ 'ਤੇ ਧਰਮ ਤੇ ਧਰਮ ਆਗੂਆਂ ਨੇ ਆਪਣੀ ਭੂਮਿਕਾ ਬਾਖ਼ੂਬੀ ਨਿਭਾਈ ਪਰ ਸਿੱਖ ਚਰਚ ਯੂਰਪੀ ਈਸਾਈ ਚਰਚ ਵਾਂਗ ਸਿੱਖ ਸੱਤਾ ਉੱਤੇ ਜਥੇਬੰਦਕ ਪੱਧਰ ਉਤੇ ਹਾਵੀ ਨਾ ਹੋ ਸਕਦੀ। "ਰਣਜੀਤ ਸਿੰਘ", "ਅਕਾਲੀ ਫੂਲਾ ਸਿੰਘ" ਨਾ ਬਣ ਸਕਿਆ ਤੇ "ਫੂਲਾ ਸਿੰਘ" ਨੇ "ਰਣਜੀਤ ਸਿੰਘ" ਦਾ ਸਥਾਨ ਨਾ ਲਿਆ। ਦੋਨੋਂ ਸ਼ਖ਼ਸੀਅਤਾਂ ਦਾ ਇਤਿਹਾਸ ਵਿਚ ਅਲੱਗ-ਅਲੱਗ ਸਥਾਨ ਹੈ ਜਿਸ ਨੂੰ ਅਸੀਂ ਜਥੇਬੰਦੀ ਦੇ ਪੱਧਰ ਤੇ ਸਿੱਖਾਂ ਦੀ ਰਾਜਨੀਤੀ ਅਤੇ ਧਰਮ ਦੇ ਇਕ ਹੋਣ ਦੀ ਵਿਆਖਿਆ ਨਹੀਂ ਕਰ ਸਕਦੇ। ਧਰਮ ਇਕ ਪਿਤਾ ਵਾਂਗ ਨਿਗ੍ਹਾਬਾਨੀ ਕਰਦਾ ਆਇਆ ਹੈ ਅਤੇ ਅਕਾਲੀ ਫੂਲਾ ਸਿੰਘ ਇਕ ਚੰਗੇ ਨਿਗ੍ਹਾਬਾਨ ਸਨ। ਉਹ ਕਿਤਨੇ ਸਫ਼ਲ ਹੋਏ ਅਤੇ ਕਿਤਨੇ ਅਸਫ਼ਲ, ਇਹ ਇਕ ਵੱਖਰਾ ਵਿਸ਼ਾ ਹੈ।

(ਮਹਾਰਾਜਾ) ਰਣਜੀਤ ਸਿੰਘ ਦੀ ਅਗਵਾਈ ਹੇਠਲੇ ਸਿੱਖ ਰਾਜ ਦੇ ਅੰਗਰੇਜ਼ਾਂ ਅਧੀਨ ਆ ਜਾਣ ਨਾਲ ਸੱਤਾ ਦਾ ਸਮੁੱਚਾ ਪ੍ਰਬੰਧ ਤੇ ਖਜ਼ਾਨਾ ਆਦਿ ਜਦੋਂ ਅੰਗਰੇਜ਼ਾਂ ਦੇ ਅਧੀਨ ਆ ਗਏ ਤਾਂ, ਇਤਿਹਾਸਿਕ ਗੁਰਦੁਆਰਾ ਪ੍ਰਬੰਧ ਵੀ ਜੋ ਸਿੱਖ ਸਟੇਟ ਦੁਆਰਾ ਹੀ ਨਿਯਮਿਤ ਕੀਤਾ ਜਾਂਦਾ ਸੀ, ਦਾ ਕੰਟ੍ਰੋਲ ਵੀ ਅੰਗਰੇਜ਼ਾਂ ਹੱਥ ਚਲਾ ਗਿਆ। ਅੰਗਰੇਜ਼ ਸੱਤਾ ਹਥਿਆਉਣ, ਰਾਜ ਪ੍ਰਬੰਧ ਕਰਨ ਅਤੇ ਆਪਣੇ ਰਾਜ ਨੂੰ ਧਰਤੀ ਦੇ ਚਾਰੇ ਕੋਨਿਆਂ ਵਿਚ ਫ਼ੈਲਾਉਣ ਵਿਚ ਸਮੇਂ ਦੀ ਇਕ ਮਾਹਰ ਸ਼ਕਤੀ ਸਨ। ਗੁਰਦੁਆਰੇ ਸਿੱਖ ਪੰਥ ਲਈ ਸ਼ਕਤੀ ਸ੍ਰੋਤ ਸਨ। ਉਹ ਸ਼ਕਤੀ ਦੇ ਇਨ੍ਹਾਂ ਸੋਮਿਆਂ ਨੂੰ ਕਮਜ਼ੋਰ ਕਰਨਾ ਚਾਹੁੰਦੇ ਸਨ ਜਿਸ ਕਾਰਨ ਉਨ੍ਹਾਂ ਨੇ ਹੌਲੀ-ਹੌਲੀ ਇਨ੍ਹਾਂ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਵਿਸ਼ਵਾਸਪਾਤਰ ਲੋਕਾਂ ਦੇ ਹੱਥ ਸੌਂਪ ਦਿੱਤਾ। ਇਹਨਾਂ ਵਿਚੋਂ ਹੀ ਬਾਅਦ ਵਿਚ ਸਿੱਖ ਪੰਥ ਵਿਚ ਨਵੀਂ ਮਹੰਤ ਅਤੇ ਪੁਜਾਰੀ ਸ਼੍ਰੇਣੀ ਦਾ ਜਨਮ ਹੋਇਆ। ਇਨ੍ਹਾਂ ਦੇ ਹੱਥ ਹੀ ਅੱਗੇ ਜਾ ਕੇ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਹੋਰ ਇਤਿਹਾਸਕ ਸਥਾਨਾਂ ਅਤੇ ਗੁਰਦੁਆਰਿਆਂ ਦਾ ਪ੍ਰਬੰਧ ਵੀ ਆ ਗਿਆ। ਉਹ ਸਿੱਖ ਚਰਚ ਦੇ ਅਧਿਕਾਰਿਕ ਆਗੂ ਵੀ ਬਣ ਗਏ ਸਨ। ਸਿੱਖ ਜਾਗ੍ਰਿਤੀ ਅਤੇ ਚੇਤਨਾ ਲਈ ਚੱਲੀ, ਸਿੰਘ ਸਭਾ ਲਹਿਰ, ਗੁਰਦੁਆਰਾ ਸੁਧਾਰ ਲਹਿਰ ਅਤੇ ਅਕਾਲੀ ਲਹਿਰ ਨੇ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਇਆ। 12

ਦਸੰਬਰ 1920 ਨੂੰ ਅਕਾਲ ਤਖ਼ਤ ਸਾਹਿਬ ਨੂੰ ਵੀ ਪੁਜਾਰੀਆਂ ਤੋਂ ਮੁਕਤ ਕਰਾ ਲਿਆ। ਇੱਥੇ ਹੀ ਇਸ ਦੀ ਛਤਰ-ਛਾਇਆ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਹਿਲਾ ਸਰੂਪ ਹੋਂਦ ਵਿਚ ਆਇਆ। ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ ਤੇਜਾ ਸਿੰਘ ਭੁੱਚਰ ਨੂੰ ਇਸ ਦਾ ਜਥੇਦਾਰ ਥਾਪਿਆ ਗਿਆ ਜੋ ਜਥੇਦਾਰ ਸਾਹਿਬਾਨ ਦੀ ਵਰਤਮਾਨ ਕਤਾਰ ਦੇ ਪਹਿਲੇ ਜਥੇਦਾਰ ਸਮਝੇ ਜਾਣੇ ਚਾਹੀਦੇ ਹਨ ਚੂੰਕਿ ਅਕਾਲ ਤਖ਼ਤ ਸਾਹਿਬ ਅਤੇ 'ਮੀਰੀ-ਪੀਰੀ' ਦਾ ਸਿਧਾਂਤ ਪੰਥਕ ਮਾਨਸਿਕਤਾ ਵਿਚ ਪਹਿਲਾਂ ਹੀ ਵਸਦਾ ਸੀ, ਇਸ ਲਈ ਜਦੋਂ ਇਸ ਦਾ ਕੰਟ੍ਰੋਲ ਪੰਥਕ ਹੱਥਾਂ ਵਿਚ ਆ ਗਿਆ ਤਾਂ ਇਸ ਦਾ ਸੰਸਥਾ ਅਤੇ ਕਾਰਜਸ਼ੈਲਿਕ ਰੂਪ ਵਿਚ ਇਕ ਵਾਰ ਫਿਰ ਸਰਗਰਮ ਹੋਣਾ ਅਤੇ ਪ੍ਰਾਚੀਨ ਰਵਾਇਤਾਂ ਦੇ ਲੜੀ ਵਿਚ ਇਸ ਦਾ ਨਵ ਉਭਾਰ ਹੋਣਾ ਵੀ ਸੁਭਾਵਿਕ ਸੀ। ਜਥੇਦਾਰ ਸਾਹਿਬਾਨ ਦੀ ਨਿਯੁਕਤੀ, ਸੇਵਾ ਅਤੇ ਇਨ੍ਹਾਂ ਨੂੰ ਹਟਾਉਣ ਆਦਿ ਦਾ ਅਧਿਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 1925 ਵਿਚ ਬਣੇ ਗੁਰਦੁਆਰਾ ਐਕਟ ਅਨੁਸਾਰ ਇਸ ਕਮੇਟੀ (ਯਾਨੀ ਪ੍ਰਧਾਨ ਦੀ ਮਰਜ਼ੀ) ਕੋਲ ਆ ਗਏ ਹਨ। ਦੂਸਰੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੀ ਬੁਨਿਆਦ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਹੀ ਰੱਖੀ ਗਈ ਸੀ। ਬਾਅਦ ਵਿਚ ਇਸ ਉਤੇ ਅਕਾਲੀ ਦਲ ਅਤੇ ਇਸ ਦੇ ਪ੍ਰਧਾਨ ਆਦਿ ਇਕ ਜਾਂ ਦੂਜੇ ਕਾਰਨ ਹਾਵੀ ਹੁੰਦੇ ਗਏ ਤਾਂ ਸਿੱਖ ਚਰਚ ਦੇ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਅਤੇ ਪਦਵੀ ਧਰਮ ਦੇ ਖੇਤਰ ਵਿਚ ਸ਼ਕਤੀਸ਼ਾਲੀ ਹੁੰਦੀ ਹੋਈ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਸਿੱਧੇ ਤੌਰ 'ਤੇ, ਅਤੇ ਉਸ ਤੇ ਹਾਵੀ ਅਕਾਲੀ ਦਲ ਦੇ ਪ੍ਰਧਾਨ ਦੇ ਪ੍ਰਭਾਵ ਅਧੀਨ ਅਸਿੱਧੇ ਤੌਰ ਤੇ ਆ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਲਈ ਬਣਾਈ ਗਈ ਸੀ। ਧਰਮ, ਧਰਮ ਸਬੰਧੀ ਦੂਜੀਆਂ ਕਿਰਿਆਵਾਂ, ਧਰਮ ਪ੍ਰਚਾਰ ਸਬੰਧੀ ਨੀਤੀਆਂ, ਸਿੱਖ ਧਰਮ ਦੀਆਂ ਲੋੜਾਂ, ਪ੍ਰਸਾਰ ਆਦਿ ਬਾਰੇ ਨੀਤੀਆਂ ਬਣਾਉਣੀਆਂ ਤੇ ਧਾਰਮਿਕ ਜਮਾਤ ਤੋਂ ਵੀ ਸੇਵਾ ਲੈਣ ਦਾ ਅਧਿਕਾਰ ਅਕਾਲ ਤਖ਼ਤ ਤੋਂ ਬਾਹਰ ਚਲਾ ਜਾਣਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਆਦਿ ਦੀਆਂ ਇਲਾਕਾਈ ਅਤੇ ਜਥੇਬੰਦਕ ਸੀਮਾਵਾਂ ਹਨ। ਪਰ ਅਕਾਲ ਤਖ਼ਤ ਸਾਹਿਬ ਦਾ ਪ੍ਰਭਾਵ ਖੇਤਰ (Jurisdiction) ਸਮੁੱਚਾ ਵਿਸ਼ਵ ਹੈ। ਇਸ ਲਈ ਇਸ ਨੂੰ ਸਿੱਖ ਪੰਥ ਦੀ ਸਮੂਹਿਕ ਸਿਆਣਪ (Collective Wisdom) ਦਾ ਪ੍ਰਤੀਨਿਧਤਵ ਕਰਨ ਲਈ ਖੁੱਲ੍ਹਾ ਛੱਡਣਾ ਜ਼ਰੂਰੀ ਸੀ ਅਤੇ ਇਸ ਪ੍ਰਥਾਇ ਸਿੱਖ ਪੰਥ ਦੇ ਸਿਆਣਿਆਂ ਵਲੋਂ ਇਕ ਅਜਿਹਾ ਸਾਂਝਾ ਹਾਊਸ ਪ੍ਰਾਚੀਨ ਸਰਬਤ ਖ਼ਾਲਸਾ ਦੀਆਂ ਸੰਕਲਪਿਕ ਤੇ ਜਥੇਬੰਦਕ ਲੀਹਾਂ ਉਤੇ ਸਥਾਈ ਤੌਰ ਤੇ ਸਥਾਪਿਤ ਕਰ ਦੇਣਾ ਚਾਹੀਦਾ ਸੀ ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਦਲ ਅਤੇ ਬਾਅਦ ਵਿਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਵੀਹਵੀਂ ਸਦੀ ਦੇ ਅੰਤਲੇ ਸਮੇਂ ਤੱਕ ਵਿਕਸਿਤ ਹੋ ਚੁੱਕੀਆਂ ਸਿੰਘ ਸਭਾਵਾਂ ਤੇ ਹੋਰ ਧਰਮ ਆਧਾਰਿਤ ਸਿੱਖ ਜਥੇਬੰਦੀਆਂ ਆਦਿ ਵੱਖ-ਵੱਖ ਅੰਗ ਹੋ ਸਕਦੇ। ਇਸ ਕਮੇਟੀ ਅਤੇ ਇਸ ਦੇ ਪ੍ਰਧਾਨ ਕੋਲ ਇਤਨੀ ਮਹਾਨਤਮ ਸੰਸਥਾ ਦੇ ਸਿੰਘ ਸਾਹਿਬਾਨ ਦੀ ਨਿਯੁਕਤੀ ਆਦਿ ਦੇ ਅਧਿਕਾਰ ਦੇ ਦੇਣਾ, ਜਿਸ ਦਾ ਬਾਅਦ ਵਿਚ ਰਾਜਨੀਤਿਕ ਕਰਨ ਵੀ ਹੋ ਗਿਆ ਹੋਵੇ, ਅਤੇ ਜਿਸ ਕਾਰਨ ਸਿੰਘ ਸਾਹਿਬਾਨ ਦੀਆਂ ਸ਼ਕਤੀਆਂ ਤੇ ਕੰਮ ਕਰਨ ਦੇ ਅਜ਼ਾਦਾਨਾ ਢੰਗਾਂ ਤਰੀਕਿਆਂ ਉੱਪਰ ਹੀ ਪ੍ਰਸ਼ਨ ਚਿੰਨ੍ਹ ਲਗ ਗਿਆ ਹੋਵੇ ਤਾਂ ਇਹ ਵਰਤਮਾਨ ਸਮੇਂ ਤੱਕ ਇਸ ਪ੍ਰਥਾਇ ਸਿੱਖ ਪੰਥ ਦੀ ਇਕ ਅਜਿਹੀ ਗ਼ਲਤੀ ਸਾਬਤ ਹੋਇਆ ਹੈ ਜਿਸ ਵਿਚੋਂ ਸਿੱਖ ਪੰਥ ਦੇ ਕੁਝ ਸਿਆਣੇ ਇਸ ਨੂੰ ਕੱਢਣਾ ਚਾਹੁੰਦੇ ਹੋਏ ਵੀ ਨਹੀਂ ਕੱਢ ਪਾ ਰਹੇ। ਆਗੂਆਂ ਦੀ ਸਮੁੱਚੀ ਢਾਣੀ ਵਿਚੋਂ ਕੋਈ ਆਗੂ ਇਸ ਸਬੰਧੀ ਨਾ ਕੋਈ ਚੇਤਨਾ ਰੱਖਦਾ ਹੈ ਅਤੇ ਨਾ ਹੀ ਉਸ ਦੀ ਕੋਈ ਇੱਛਾ ਹੈ। "ਐਨਿਆਂ" ਵਿਚੋਂ ਕਿਸੇ ਕੋਲ ਫ਼ੈਸਲਾ ਲੈਣ ਦੀ ਸਮਰੱਥਾ ਵੀ ਨਹੀਂ ਜਾਪਦੀ ਹੈ।

ਪਰ ਇਨ੍ਹਾਂ ਸਭ ਗੱਲਾਂ ਤੇ ਸਮੱਸਿਆਵਾਂ ਦੇ ਬਾਵਜੂਦ ਵੀ ਧਰਮ ਦੀ ਅੰਦਰੂਨੀ ਸ਼ਕਤੀ, ਧਰਮ ਦੀਆਂ ਲੋੜਾਂ, ਸਿੱਖਾਂ ਦੀ ਜਾਗਦੀ ਨੈਤਿਕਤਾ ਅਤੇ ਇਤਿਹਾਸਕਿ ਸ਼ਕਤੀਆਂ ਦੇ ਜ਼ੋਰ ਨਾਲ ਅਕਾਲ ਤਖ਼ਤ ਸ਼ਾਹਿਬ ਯਾਨੀ 'ਮੀਰੀ-ਪੀਰੀ' ਦੀ ਸ਼ਕਤੀ ਅਤੇ ਸੰਸਥਾ ਨੇ ਵੀਹਵੀਂ ਸਦੀ ਦੇ ਅੰਤ ਤਕ ਵਿਕਾਸ ਕਰਕੇ ਇਕ ਸ਼ਕਤੀ ਜਗਤ ਪਕੜ ਲਈ ਹੈ ਜਿੱਥੇ

ਨਾ ਕੇਵਲ ਸਿੱਖ ਪੰਥ ਵਿਚ ਹੀ ਸਗੋਂ ਵਿਸ਼ਵ ਦੇ ਜਥੇਬੰਦਕ ਧਰਮਾਂ ਦੇ ਪਰਿਵਾਰ ਵਿਚ ਅਕਾਲ ਤਖ਼ਤ ਸਾਹਿਬ, ਇਸ ਦੇ ਸਿੰਘ ਸਾਹਿਬਾਨ ਅਤੇ ਉਨ੍ਹਾਂ ਦੇ ਹੱਥ 'ਮੀਰੀ-ਪੀਰੀ' ਦੀ ਸ਼ਕਤੀ ਦੀਆਂ ਪ੍ਰਤੀਕਾਤਮਿਕ "ਕਿਰਪਾਨਾਂ" ਨੇ ਸਿੱਖ ਧਰਮ ਦੇ ਅਧਿਕਾਰਿਤ ਧਰਮ ਆਗੂਆਂ ਦਾ ਸਥਾਨ ਪ੍ਰਾਪਤ ਕਰ ਲਿਆ ਹੈ। ਬੀਤੇ ਸਮੇਂ ਵਿਚ ਜਦ ਕਦੇ ਵੀ ਸਿੱਖ ਆਗੂਆਂ, ਵਿਦਵਾਨਾਂ, ਸੰਤਾਂ, ਸਾਧਾਂ, ਸਿੱਖੀ ਵਿਰੁੱਧ ਲਿਖਣ ਵਾਲੇ ਵਿਦਵਾਨਾਂ ਜਾਂ ਪ੍ਰਕਾਸ਼ਕਾਂ, ਸਿੱਖ ਧਾਰਮਿਕ ਜਮਾਤ ਦੇ ਕਾਰਕੁੰਨਾਂ ਤੇ ਆਮ ਸਿੱਖਾਂ ਨੇ ਕੋਈ ਧਾਰਮਿਕ/ਸਿਧਾਂਤਕ ਕੁਤਾਹੀ ਕੀਤੀ ਹੈ ਤਾਂ ਸਿੱਖ ਚਰਚ ਦੇ ਧਰਮ ਆਗੂਆਂ ਨੇ ਸਿੱਖ ਧਾਰਮਿਕ ਰਵਾਇਤਾਂ ਨੂੰ ਬਚਾਉਂਦਿਆਂ ਹੋਇਆਂ ਅਤੇ ਇਸ ਨੂੰ ਹੋਰ ਸ਼ਕਤੀਸ਼ਾਲੀ ਕਰਨ ਲਈ ਆਪਣੀਆਂ ਸ਼ਕਤੀਆਂ ਅਤੇ ਅਧਿਕਾਰ ਖੇਤਰ ਦੀ ਵਰਤੋਂ ਕੀਤੀ ਹੈ ਤੇ ਹੁਕਮਨਾਮੇ (ਆਦੇਸ਼) ਵੀ ਜਾਰੀ ਕੀਤੇ ਹਨ। ਮਸਲਾ ਭਾਵੇਂ ਕਿਸੇ ਸਿੱਖ ਰਾਜਨੀਤਿਕ ਆਗੂ ਰਾਹੀਂ ਹੋਈ ਕੋਈ ਰਾਜਨੀਤਿਕ/ਸਿਧਾਂਤਕ ਗਲਤੀ ਦਾ ਹੋਵੇ, ਕਿਸੇ ਸਿੱਖ ਫਿਰਕੇ ਰਾਹੀਂ ਪੰਥਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਹੋਵੇ, ਕਿਸੇ ਸਿੱਖ ਵਿਦਵਾਨ ਦੁਆਰਾ ਪ੍ਰਵਾਨਿਤ ਸਿੱਖ ਸਿਧਾਂਤਾਂ ਦੇ ਪ੍ਰਸੰਗ ਵਿਗਾੜਦਾ ਹੋਵੇ, ਪੰਥਕ ਏਕਤਾ ਦਾ ਮਸਲਾ ਹੋਵੇ, ਪੰਥਕ ਸਿਧਾਂਤਾਂ ਅਥਵਾ ਉਦੇਸ਼ਾਂ ਬਾਰੇ ਸਪੱਸ਼ਟਤਾ ਦਾ ਹੋਵੇ ਜਾਂ ਕਿਸੇ ਆਮ ਸਿੱਖ ਕੋਲੋਂ ਕੀਤੀ ਗਈ ਕਿਸੇ ਸਿਧਾਂਤਕ ਅਵੱਗਿਆ ਦਾ ਹੋਵੇ, ਸਿੱਖ ਚਰਚ ਤੇ 'ਮੀਰੀ-ਪੀਰੀ' ਦੀ ਧਾਰਨਾ ਦੇ ਇਨ੍ਹਾਂ ਆਗੂਆਂ ਨੇ ਸਿਧਾਂਤਾਂ ਅਤੇ ਰਵਾਇਤਾਂ ਅਨੁਸਾਰ ਸਬੰਧਿਤ ਮਸਲੇ ਦੀ ਪ੍ਰਥਾਮਿਕਤਾ ਅਨੁਸਾਰ ਉੱਪਰ ਵਿਚਾਰ ਕੀਤੀਆਂ 'ਮੀਰੀ' ਤੇ 'ਪੀਰੀ' ਦੀਆਂ "ਕਿਰਪਾਨਾਂ" ਦੀ ਸ਼ਕਤੀ ਦੀ ਵਰਤੋਂ ਕੀਤੀ ਹੈ। ਇਸ ਦੇ ਫਲਸਰੂਪ ਹੀ ਅਕਾਲ ਤਖ਼ਤ ਸਾਹਿਬ, (ਖ਼ਾਲਸਾ ਪੰਥ ਦੀ ਸ਼ਖ਼ਸੀਅਤ ਵਿਚੋਂ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੇ ਸਾਕਾਰ ਦਰਸ਼ਨ ਦੀਦਾਰੇ ਕਰਨ ਦੀ ਦਿਸ਼ਾ ਵੱਲ) ਭਾਵ ਇਕ ਪ੍ਰਤੀਨਿਧ ਗੁਰੂ ਸੰਸਥਾ ਵਜੋਂ ਸਿੱਖ ਪੰਥ ਵਿਚ ਸਵੀਕਾਰਿਆ ਜਾ ਚੁੱਕਾ ਹੈ। ਕਿਸੇ ਵੀ ਮਸਲੇ ਬਾਰੇ ਸਿੰਘ ਸਾਹਿਬਾਨ ਵਲੋਂ ਲਏ ਗਏ ਫ਼ੈਸਲੇ ਜਦੋਂ ਆਦੇਸ਼ਾਂ ਜਾਂ ਹੁਕਮਨਾਮਿਆਂ ਦੇ ਰੂਪ ਵਿਚ ਜਾਰੀ ਹੁੰਦੇ ਹਨ ਤਾਂ ਉਨ੍ਹਾਂ ਨੂੰ ਗੁਰੂ ਦੇ ਹੁਕਮਾਂ ਵਾਂਗ ਨਾ ਕੇਵਲ ਸਵੀਕਾਰਿਆ ਜਾਂਦਾ ਹੈ, ਸਗੋਂ ਮੰਨਿਆ ਵੀ ਜਾਂਦਾ ਹੈ। ਕੁਝ ਜਥੇਦਾਰ ਸਾਹਿਬਾਨ ਵਲੋਂ ਪਿਛਲੇ ਸਮੇਂ ਵਿਚ ਕਿਸੇ ਇਕ ਜਾਂ ਦੂਜੇ ਅਕਾਲੀ ਧੜੇ ਦੇ ਹਿੱਤਾਂ ਨੂੰ ਪੂਰਦਿਆਂ ਹੋਇਆਂ ਇਕ ਪਾਸੜ ਅਤੇ ਗਲਤ ਢੰਗਾਂ ਤਰੀਕਿਆਂ ਨਾਲ ਫ਼ੈਸਲੇ ਵੀ ਲਏ ਗਏ ਹਨ। ਇਨ੍ਹਾਂ ਫ਼ੈਸਲਿਆਂ ਬਾਰੇ ਪੰਥਕ ਤੇ ਅਕਾਲੀ ਹਲਕਿਆਂ ਵਿਚ ਕਈ ਤਰ੍ਹਾਂ ਦੇ ਮਤਭੇਦ ਵੀ ਪੈਦਾ ਹੋਏ ਹਨ ਅਤੇ 'ਮੀਰੀ-ਪੀਰੀ' ਦੀ ਸ਼ਕਤੀ ਨੂੰ ਵੀ ਵੰਗਾਰਿਆ ਗਿਆ ਹੈ। ਇਸ ਪ੍ਰਥਾਇ ਇਹ ਸਿੱਖ ਪੰਥ ਦੀ ਇਕ ਸਮੱਸਿਆ ਵੀ ਬਣ ਗਈ ਹੈ ਪਰ ਇਹ ਇੱਕ ਵੱਖਰਾ ਵਿਸ਼ਾ ਹੈ ਜਿਸ ਬਾਰੇ ਇਥੇ ਵਿਚਾਰ ਕਰਨਾ ਯੋਗ ਨਹੀਂ ਹੋਵੇਗਾ।

ਕਿਸੇ ਵੀ ਕੌਮ ਦੇ ਇਤਿਹਾਸ ਵਿਚ ਕੀਤੀਆਂ ਗਈਆਂ ਕਿਸੇ ਵੀ ਤਰ੍ਹਾਂ ਦੀਆਂ ਪ੍ਰਾਪਤੀਆਂ, ਸਬੰਧਿਤ ਕੌਮਾਂ ਦਾ ਸਰਮਾਇਆ ਤੇ ਵਿਰਾਸਤ ਹੁੰਦੀਆਂ ਹਨ। ਇਤਿਹਾਸ ਦੀ ਚਾਲ ਦੇ ਹਰ ਸਮੇਂ ਦੇ ਮੋਹਰੀ ਆਗੂਆਂ ਨੇ ਸਮਾਜ ਅਤੇ ਸੰਸਥਾਵਾਂ ਵਲੋਂ ਕੀਤੀਆਂ ਗਈਆਂ ਪ੍ਰਾਪਤੀਆਂ ਨੂੰ ਠੋਸ ਆਧਾਰ ਦੇਂਦੇ ਹੋਏ ਉਸ ਵਿਰਾਸਤ ਨੂੰ ਹੋਰ ਵਧਾਉਣਾ ਹੁੰਦਾ ਹੈ। ਉਨ੍ਹਾਂ ਵਿਚ ਕੀਤਾ ਗਿਆ ਕਿਸੇ ਤਰ੍ਹਾਂ ਦਾ ਪ੍ਰਸੰਗ-ਵਿਗਾੜ ਜਾਂ ਘਾਟ ਨੂੰ ਪੂਰਾ ਕਰਨ ਲਈ ਉਨ੍ਹਾਂ ਲੋਕਾਂ ਨੂੰ ਇਕ ਵਾਰ ਫੇਰ ਨਵਾਂ ਸੰਘਰਸ਼ ਕਰਨਾ ਪੈਂਦਾ ਹੈ। ਸਿੱਖ ਪੰਥ ਨੇ ਅਕਾਲ ਤਖ਼ਤ ਸਾਹਿਬ ਯਾਨੀ 'ਮੀਰੀ-ਪੀਰੀ' ਦੀ ਸੰਸਥਾ ਨੂੰ ਇਕ ਵਿਸ਼ਾਲ ਅਰਥ ਦੇ ਕੇ ਪੰਥ ਅਤੇ ਮਨੁੱਖਤਾ ਦੀ ਇਕ ਵੱਡੀ ਪ੍ਰਾਪਤੀ ਕੀਤੀ ਹੈ। ਇਸ ਲਈ ਇਸ ਦੀ ਸ਼ਕਤੀ ਨੂੰ ਕਿਸੇ ਵੀ ਤਰ੍ਹਾਂ ਨਾਲ ਕੋਈ ਨੁਕਸਾਨ ਨਾ ਪਹੁੰਚੇ, ਸਿੱਖ ਇਤਿਹਾਸ ਨੂੰ ਹੀ ਨਹੀਂ ਸਗੋਂ ਮਨੁੱਖਤਾ ਨੂੰ ਵੀ ਇਸ ਦੀ ਲੋੜ ਹੈ। ਅਕਾਲ ਤਖ਼ਤ ਸਾਹਿਬ ਨੂੰ ਕਿਸੇ ਵੀ ਹਾਲਤ ਵਿਚ ਕਿਸੇ ਧੜੇ ਦੇ ਘੇਰੇ ਅਤੇ ਜਾਤੀ ਜਮਾਤੀ ਹਿੱਤਾਂ ਤੋਂ ਉੱਪਰ ਰੱਖਣਾ ਜ਼ਰੂਰੀ ਹੋ ਗਿਆ ਹੈ। ਜਿਨ੍ਹਾਂ ਲੋਕਾਂ ਨੇ 'ਮੀਰੀ-ਪੀਰੀ' ਦੀ ਸ਼ਕਤੀ ਨੂੰ ਵਰਤਣਾ ਹੈ ਅਤੇ ਹਰ ਸਮੇਂ ਦੇ ਇਤਿਹਾਸਿਕ ਫ਼ੈਸਲੇ ਲੈਣੇ ਹੁੰਦੇ ਹਨ, ਉਨ੍ਹਾਂ ਦੀ ਸ਼ਖ਼ਸੀਅਤ, ਗੁਣ, ਯੋਗਤਾ, ਸ਼ਖ਼ਸੀਅਤ ਦਾ ਪ੍ਰਭਾਵ ਅਤੇ ਸਮੁੱਚਾ, ਜਥੇਬੰਦਕ ਹੇਠਲਾ ਢਾਂਚਾ ਇਤਨਾ ਵਿਸ਼ਾਲ ਤੇ ਸ਼ਕਤੀਸ਼ਾਲੀ ਹੋਣਾ ਚਾਹੀਦਾ ਹੈ ਕਿ ਉਹ

ਸਹੀ ਅਰਥਾਂ ਵਿਚ ਸਿੱਖ ਕੌਮ, ਸਮਾਜ ਅਥਵਾ ਲੋਕਾਂ ਦਾ ਸਮੁੱਚਾ ਪ੍ਰਤੀਨਿਧਤਵ ਕਰ ਸਕਣ।

ਸਿੱਖ ਸੰਸਥਾਵਾਂ ਸਿੱਖ ਪੰਥ ਦੀ ਸ਼ਕਤੀ ਦੇ ਕੇਂਦਰ ਹਨ। ਅਕਾਲ ਤਖ਼ਤ ਸਾਹਿਬ 'ਮੀਰੀ-ਪੀਰੀ' ਦੀ ਸੰਸਥਾ, ਸੰਸਥਾਵਾਂ ਦੇ ਢਾਂਚੇ ਦੀ ਸਿਖਰਲੀ ਸੰਸਥਾ ਹੈ। ਇਸ ਦੇ ਸਿੰਘ ਸਾਹਿਬਾਨ ਵੀ ਉੱਚਤਮ ਸ਼ਖ਼ਸੀਅਤਾਂ ਹਨ ਜਿਨ੍ਹਾਂ ਦੇ ਹੱਥ ਸਿੱਖ ਪੰਥ ਦਾ ਭਵਿੱਖ ਹਮੇਸ਼ਾ ਸੁਰੱਖਿਅਤ ਰਹਿਣਾ ਲਾਜ਼ਮੀ ਹੈ। ਇਨ੍ਹਾਂ ਨੂੰ ਇਸ ਸਥਾਨ ਤੱਕ ਪਹੁੰਚਾਉਣ ਲਈ ਭਾਵ ਇਸ ਪਦਵੀ ਉਤੇ ਲਗਾਏ ਜਾਣ ਵਾਲੇ ਸਿੱਘ ਸਾਹਿਬਾਨ ਸਚਮੁੱਚ ਹੀ ਸਿੱਖ ਸ੍ਰੇਸ਼ਠਤਾ (Sikh Excellence) ਦੇ (Master Mind) ਹੋਣੇ ਚਾਹੀਦੇ ਹਨ। ਉਹ ਅਜਿਹਾ ਵਰਤਾਓ ਕਰਦੇ ਵੀ ਨਜ਼ਰ ਆਉਣੇ ਚਾਹੀਦੇ ਹਨ। ਉਨ੍ਹਾਂ ਨੇ ਸਿੱਖ ਜ਼ਮੀਰ ਦੇ ਰਖਵਾਲੇ ਹੋਣਾ ਹੈ ਤੇ ਸਿੱਖ ਪੰਥ ਦੇ ਸਮੁੱਚੇ ਏਜੰਡੇ ਨੂੰ ਸ਼ਬਦ, ਆਧਾਰ, ਨਿਰਦੇਸ਼ਣਾ ਅਤੇ ਸਾਕਾਰਤਾ ਪ੍ਰਦਾਨ ਕਰਨੀ ਹੈ। ਉਨ੍ਹਾਂ ਨੇ ਵਿਸ਼ਵ ਧਰਮਾਂ ਦੇ ਪਰਿਵਾਰ ਵਿਚ ਸਿੱਖ ਧਰਮ ਦੀ ਨਿਵੇਕਲੀ ਪ੍ਰਤੀਨਿਧਤਾ ਵੀ ਕਰਨੀ ਹੁੰਦੀ ਹੈ। ਇਸ ਲਈ ਉਨ੍ਹਾਂ ਦੀ ਯੋਗਤਾ ਉਤੇ ਕਿਸੇ ਤਰ੍ਹਾਂ ਦਾ ਕੋਈ ਪ੍ਰਸ਼ਨ-ਚਿੰਨ੍ਹ ਲੱਗਣਾ ਜਾਂ ਵਾਦ- ਵਿਵਾਦ ਛਿੜਨਾ ਇਸ ਦੀਆਂ ਮਾਣ ਭਰੀਆਂ ਪ੍ਰਾਪਤੀਆਂ ਨੂੰ ਖੋਰਾ ਲਗਾਉਣ ਬਰਾਬਰ ਹੋਵੇਗਾ। ਇਸ ਦੇ ਭਵਿੱਖ ਨੂੰ ਹੋਰ ਉੱਜਵਲ ਕਰਨ ਲਈ ਖੁਦ ਅਕਾਲ ਤਖ਼ਤ ਸਾਹਿਬ ਦੇ ਸਿੰਘ ਸਾਹਿਬ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ 'ਤੇ ਹੋਰ ਪ੍ਰਵਾਨਿਤ ਸ਼ਖ਼ਸੀਅਤਾਂ ਵਿਸ਼ਵ ਵਿਚ ਫੈਲੇ ਸਿੱਖਾਂ ਦੀਆਂ ਪ੍ਰਤੀਨਿਧ ਸੰਸਥਾਵਾਂ ਅਤੇ ਜਥੇਬੰਦੀਆਂ ਨੂੰ ਨਾਲ ਲੈ ਕੇ ਖ਼ਾਲਸਾ ਪੰਥ ਦਾ ਇਕ ਅਜਿਹਾ ਪ੍ਰਤੀਨਿਧ ਹਾਊਸ ਸੰਗਠਿਤ ਕਰਨਾ ਸਮੇਂ ਦੀ ਇਕ ਲੋੜ ਬਣ ਗਿਆ ਹੈ ਜੋ ਇਸ ਸਮੁੱਚੇ ਕਾਰਜ ਨੂੰ ਆਪਣੇ ਹੱਥ ਵਿਚ ਲੈ ਕੇ ਅਤੇ ਸਿੱਖ ਚਰਚ 'ਮੀਰੀ-ਪੀਰੀ' ਨੂੰ ਆਜ਼ਾਦ ਰੂਪ ਵਿਚ ਵਿਚਰਨ ਦਾ ਠੋਸ ਆਧਾਰ ਬਣੇ।

ਕਈ ਵਾਰ ਸਮੇਂ ਅਤੇ ਇਤਿਹਾਸ ਦੀਆਂ ਲੋੜਾਂ ਦਾ ਜ਼ੋਰ ਹੀ ਇੰਨਾ ਸ਼ਕਤੀਸ਼ਾਲੀ ਹੋ ਜਾਂਦਾ ਹੈ ਕਿ ਨੇੜੇ ਤੱਕ ਦੇਖਣ ਦੀ ਬਿਰਤੀ, ਧੜੇ ਦੀਆਂ ਲੋੜਾਂ ਜਾਂ ਧੜੇ ਦੇ ਜਾਤੀ ਜਾਂ ਜਮਾਤੀ ਹਿੱਤਾਂ ਆਦਿ ਨੂੰ ਉੱਜਵਲ ਭਵਿਖ ਲਈ ਕੁਰਬਾਨ ਕਰਨਾ ਪੈਂਦਾ ਹੈ। ਮੀਰੀ-ਪੀਰੀ ਦੀ ਸੰਸਥਾ ਸਬੰਧੀ ਉਪਰੋਕਤ ਵਿਚਾਰਾਂ ਦੇ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਕੀ ਸਿੱਖ ਪੰਥ ਦੇ ਸਿਆਣਿਆਂ ਨੂੰ ਅਜਿਹੀ ਲੋੜ ਮਹਿਸੂਸ ਨਹੀਂ ਹੁੰਦੀ ਕਿ ਸਿੱਖ ਪੰਥ ਦੇ ਹੋਏ ਭੂਗੋਲਿਕ ਵਿਸਤਾਰ, ਇਸ ਤੋਂ ਉਪਜੀਆਂ ਹੋਰ ਲੋੜਾਂ ਤੇ ਸਮੱਸਿਆਵਾਂ ਆਦਿ ਨੂੰ ਮੁੱਖ ਰੱਖਦਿਆਂ ਅਕਾਲ ਤਖ਼ਤ ਸਾਹਿਬ ਨੂੰ ਵੀ "ਆਜ਼ਾਦ" ਹੱਥਾਂ ਵਿਚ ਦਿੱਤਾ ਜਾਵੇ ਅਤੇ ਇਸ ਨੂੰ ਸੁਤੰਤਰ ਰੂਪ ਵਿਚ ਵਿਚਾਰਨ ਤੇ ਇੱਕਵੀਂ ਸਦੀ ਅਤੇ ਇਸ ਤੋਂ ਬਾਅਦ ਦੀਆਂ ਸਦੀਆਂ ਵਿਚ ਇਕ ਨਵੀਂ ਭੂਮਿਕਾ ਨਿਭਾਉਣ ਲਈ ਹੋਰ ਸ਼ਕਤੀਸ਼ਾਲੀ ਕੀਤਾ ਜਾਵੇ। ਇਹ ਵਿਚਾਰ ਹੋਰ ਵਿਸਤਾਰ ਦੀ ਮੰਗ ਕਰਦੇ ਹਨ ਜਿਸ ਨੂੰ ਸਮੇ ਤੇ ਸਥਾਨ ਦੀ ਘਾਟ ਕਾਰਨ ਨਹੀਂ ਵਿਚਾਰਿਆ ਜਾ ਰਿਹਾ ਹੈ। ਪਰ ਇਕ ਵਿਚਾਰ ਬਾਰੇ ਦਾਸ ਬੜਾ ਸਪੱਸ਼ਟ ਹੈ ਕਿ ਜਦੋਂ ਕੋਈ ਵਿਚਾਰ ਜਾਂ ਕਿਰਿਆ ਕਿਸੇ ਤਰ੍ਹਾਂ ਦੇ ਸਮਕਾਲੀਨ ਆਗੂਆਂ ਦੀ ਪਕੜ ਤੋਂ ਦੂਰ ਹੋਵੇ, ਤਾਂ ਸਮੇਂ ਦੀਆਂ ਸ਼ਕਤੀਆਂ ਦਾ ਜ਼ੋਰ ਅਤੇ ਸਮੇਂ ਦੇ ਹੇਠਾਂ ਚੱਲ ਰਿਹਾ "ਸਮੇਂ ਦਾ ਮੰਥਨ" ਅਜਿਹੀਆਂ ਸਥਿਤੀਆਂ ਪੈਦਾ ਕਰ ਦਿੰਦਾ ਹੈ ਜਿੱਥੇ ਖੁਦ ਇਤਿਹਾਸ ਅਤੇ ਸਮਾਂ ਕੁਝ ਅਦਿੱਖ ਹੱਥਾਂ ਰਾਹੀਂ ਆਪਣੇ ਫ਼ੈਸਲੇ ਖੁਦ ਕਰ ਲੈਂਦਾ ਹੈ। ਸ਼ਕਤੀਸ਼ਾਲੀ ਸਿਧਾਂਤ ਸ਼ਕਤੀਸ਼ਾਲੀ ਹੱਥਾਂ ਤੇ ਸੰਸਥਾਵਾਂ ਹੇਠ ਹੀ ਸੁਰੱਖਿਅਤ ਰਹਿ ਸਕਦੇ ਹਨ। ਜੇਕਰ ਹਰ ਪੱਧਰ ਦੇ ਸਮਕਾਲੀਨ ਸਿੱਖ ਆਗੂ ਤੇ ਪੰਥ ਦੇ ਵਿਦਵਾਨ ਸਮੇਂ ਦੀ ਦੀਵਾਰ ਉੱਤੇ ਕੁਝ ਅਜਿਹਾ ਲਿਖਿਆ ਨਹੀਂ ਪੜ੍ਹਨਗੇ ਤਾਂ ਮੈਨੂੰ ਯਕੀਨ ਹੈ ਕਿ ਸਮਾਂ ਤੇ ਇਤਿਹਾਸਕ ਸ਼ਕਤੀਆਂ ਭਵਿੱਖ ਵਿਚ ਕੁਝ ਅਜਿਹੀਆਂ ਖ਼ਾਲਸਾ ਸ਼ਖ਼ਸੀਅਤਾਂ ਤੇ ਜਥੇਬੰਦੀਆ ਨੂੰ ਉਭਾਰ ਦੇਣਗੀਆਂ ਜੋ 'ਮੀਰੀ-ਪੀਰੀ' ਦੀ ਧਾਰਨਾ ਦੀਆਂ ਵਰਤਮਾਨ ਤੇ ਭਵਿੱਖਤੀ ਲੋੜਾਂ ਅਨੁਸਾਰ ਨਵੇਂ ਫ਼ੈਸਲੇ ਲੈ ਲੈਣਗੇ। 'ਮੀਰੀ-ਪੀਰੀ' ਦੀ ਧਾਰਨਾ ਤੇ ਸੰਸਥਾ ਵਿਚ ਸਿੱਖੀ ਅਤੇ ਮਨੁੱਖਤਾ ਦਾ ਉੱਜਵਲ ਭਵਿੱਖ ਕੁਝ ਇਸ ਤਰ੍ਹਾਂ ਦਾ ਹੀ ਪ੍ਰਤੀਤ ਹੁੰਦਾ ਹੈ।

## ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਦੇ ਪ੍ਰਬੰਧ ਅਧੀਨ ਚਲ ਰਹੇ ਟਰੱਸਟਾਂ ਦਾ ਕਾਰਜ-ਖੇਤਰ

**1. ਅਕਾਲੀ ਫੂਲਾ ਸਿੰਘ ਯਾਦਗਾਰੀ ਟਰੱਸਟ**

ਹਰ ਸਾਲ ਸਿੱਖ ਗੁਰੂ ਸਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਧਰਮ,ਸਿੱਖ ਨੈਤਿਕਤਾ, ਸਿੱਖ ਇਤਿਹਾਸ ਤੇ ਸਿੱਖ ਸਭਿਆਚਾਰ ਬਾਰੇ ਪਿਛਲੇ ਸਾਲ ਵਿਚ ਪ੍ਰਕਾਸ਼ਿਤ ਹੋਈਆਂ ਪੁਸਤਕਾਂ ਵਿਚੋਂ ਸਰਬੋਤਮ ਪੁਸਤਕ ਦੇ ਲੇਖਕ ਨੂੰ 6100/-ਰੁਪਏ ਦਾ ਇਨਾਮ ਦਿੱਤਾ ਜਾਂਦਾ ਹੈ।

**2. ਡਾ. ਗੰਡਾ ਸਿੰਘ ਯਾਦਗਾਰੀ ਟਰੱਸਟ**

ਵਾਰਸ਼ਕ ਖੋਜ-ਪੱਤਰ ਪ੍ਰਤਿਯੋਗਤਾ ਵਿਚ ਪਹਿਲੇ, ਦੂਜੇ ਤੇ ਤੀਜੇ ਸਥਾਨ ਉਪਰ ਆਉਣ ਵਾਲੇ ਖੋਜ-ਪੱਤਰਾਂ ਨੂੰ ਕ੍ਰਮਵਾਰ 2100/-, 1500/- ਤੇ 1000/- ਰੁਪਏ ਦਾ ਇਨਾਮ ਤੇ ਹੋਰ ਕਈ ਉਤਸਾਹ ਵਧਾਊ ਇਨਾਮ ਦਿੱਤੇ ਜਾਂਦੇ ਹਨ।

**3. ਮਦਰ ਆਫ ਖਾਲਸਾ ਯਾਦਗਾਰੀ ਟਰੱਸਟ**

ਹਰ ਸਾਲ ਕਾਲਜ ਦੇ ਵਿਦਿਆਰਥੀਆਂ ਲਈ ਭਾਰਤ ਪੱਧਰ ਤੇ ਗੁਰਮਿਤ ਦਾ ਇਮਤਿਹਾਨ ਲੈ ਕੇ ਹਰ ਜੋਨ ਵਿਚੋਂ ਪ੍ਰਥਮ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥਿਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਇਹ ਇਮਤਿਹਾਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਵਲੋਂ ਆਯੋਜਿਤ ਕੀਤੇ ਜਾਂਦੇ ਹਨ ਅਤੇ ਇਹ ਟਰੱਸਟ ਉਨ੍ਹਾਂ ਦੀ ਮਾਲੀ ਸਹਾਇਤਾ ਕਰਦਾ ਹੈ।

**4. ਗਿਆਨੀ ਕਰਤਾਰ ਸਿੰਘ ਯਾਦਗਾਰੀ ਟਰੱਸਟ ਅਤੇ ਗਿਆਨੀ ਦਿੱਤ ਸਿੰਘ ਯਾਦਗਾਰੀ ਟਰੱਸਟ**

ਇਨਾਂ ਵਲੋਂ ਵਿਭਿੰਨ ਸਥਾਨਾਂ ਉਪਰ ਕ੍ਰਮਵਾਰ ਵਕਤਾ ਤੇ ਲੇਖਕ ਕਾਰਜਸ਼ਾਲਾ ਲਗਾ ਕੇ ਨੋਜੁਆਨਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ। ਇਨਾਂ ਦਾ ਆਯੋਜਨ ਵੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਵਲੋਂ ਕੀਤਾ ਜਾਂਦਾ ਹੈ ਅਤੇ ਇਹ ਟਰੱਸਟ ਉਨਾਂ ਨੂੰ ਮਾਲੀ ਸਹਾਇਤਾ ਦਿੰਦਾ ਹੈ।

**5. ਭਗਤ ਲਛਮਣ ਸਿੰਘ ਯਾਦਗਾਰੀ ਟਰੱਸਟ**

ਇਸ ਟਰੱਸਟ ਦੇ ਮਾਲੀ ਸਹਿਯੋਗ ਨਾਲ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਦੁਆਰਾ ਵਿਭਿੰਨ ਕਾਲਜਾਂ ਤੇ ਸਕੂਲਾਂ ਵਿਚ ਵਿਦਵਾਨਾਂ ਵਲੋਂ ਗੁਰਮਿਤ ਅਥਵਾ ਗੁਰ-ਇਤਿਹਾਸ ਦੇ ਵਿਸ਼ਿਆਂ ਉਤੇ ਭਾਸ਼ਣ ਕਰਵਾਏ ਜਾਂਦੇ ਹਨ।

**6. ਸ. ਨਰੈਣ ਸਿੰਘ ਯਾਦਗਾਰੀ ਟਰੱਸਟ**

ਸਕੂਲ ਦੇ ਵਿਦਿਆਰਥੀਆਂ ਨੂੰ ਵਜੀਫੇ ਅਤੇ ਗੁਰਮਤਿ ਕਾਲਜ ਦੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ।

## ਗੁਰੂ ਨਾਨਕ ਦੇਵ ਮਿਸ਼ਨ ਵਲੋਂ ਛਾਪੇ ਗਏ ਕੁੱਝ ਟ੍ਰੈਕਟ

| ਲੜੀ ਨੰ. | ਟ੍ਰੈਕਟ ਦਾ ਨਾਮ | ਕੀਮਤ |
|---|---|---|
| 462 | ਗੁਰਮਤਿ ਵਿੱਚ ਤਖਤਾਂ ਦੀ ਮਹਾਨਤਾ | 6.00 |
| 465 | ਗੁਰਬਾਣੀ ਪਾਠ ਕਿਵੇਂ ਕਰੀਏ ? | 4.00 |
| 466 | Why Am I a Sikh | 2.00 |
| 467 | ਬਾਣੀ ਨਾਮਦੇਵ ਜੀ | 8.00 |
| 468 | ਸੁਖਮਨੀ ਸਾਹਿਬ ਦਾ ਆਦਰਸ਼-ਮੱਨੁਖ-ਬ੍ਰਹਮ ਗਿਆਨੀ | 5.00 |
| 469 | ਪੰਜਾਬੀ ਸਭਿਆਚਾਰ ਦਾ ਵਿਸ਼ਵ ਦ੍ਰਿਸ਼ਟੀਕੋਣ | 8.00 |
| 470 | ਭਗਤ ਕਬੀਰ | 6.00 |
| 478 | ਸਿੱਖ ਸਭਿਆਚਾਰ-' ਸ' ਸਭਿਆਚਾਰ | 9.00 |
| 479 | 1699 ਦੀ ਵਿਸਾਖੀ | 10.00 |
| 480 | The Vision of Gursikh (The Disciple of the Guru) in Gurbani | 8.00 |
| 481 | ਭਾਈ ਮੱਖਣ ਸ਼ਾਹ ਲੁਬਾਣਾ | 6.00 |
| 483 | ਸ਼ਹੀਦੀ ਦਾ ਸੰਕਲਪ ਤੇ ਸਿੱਖ ਜੀਵਨ ਜਾਚ | 4.00 |
| 484 | Permanent Peace | |
| 485,486 | ਸਿਖੀ ਸਿਖਿਆ ਗੁੱਰਵਿਚਾਰ | 10.00 |
| 487 | ਜਥੇਦਾਰ ਅਤਰ ਸਿੰਘ | 6.00 |
| 488 | ਦਸਮ ਗ੍ਰੰਥ-ਸੰਖੇਪ ਨਿਰੀਖਣ | 6.00 |
| 489 | ਸਿੱਖ ਨਾਮ ਕੋਸ਼ | 6.00 |
| 497 | ਗੁਰਮਤਿ ਸੰਪੂਰਨ ਜੀਵਨ ਦਾ ਮਾਰਗ | 6.00 |
| 498 | ਨਾਮ ਅੰਮ੍ਰਿਤ-ਖੰਡੇ ਦਾ ਅੰਮ੍ਰਿਤ | 6.00 |
| 499 | ਗੁਰਮਿਤ-ਸੰਪੂਰਨ ਜੀਵਨ ਦਾ ਮਾਰਗ | 8.00 |
| 500 | ਸਿੱਖ-ਵਿਦਿਅਕ ਸੰਸਥਾਵਾਂ ਤੇ ਸਿੱਖੀ ਇਤਿਹਾਸ | 6.00 |
| 501 | 'ਚੜ੍ਹਦੀ ਕਲਾ' ਦਾ ਸੰਖੇਪ ਇਤਿਹਾਸ | 10.00 |
| 502 | 'ੴ'ਦਾ ਸਿਧਾਂਤ ਤੇ ਭੂਗੋਲ | 10.00 |
| 503,504 | ਪ੍ਰਾਪਤ ਪੁਰਾਣੇ ਰਹਿਤਨਾਮੇ-ਮੁਲਾਂਕਣ | 12.00 |
| 505,506 | ਪ੍ਰਾਪਤ ਪੁਰਾਣੇ ਰਹਿਤਨਾਮੇ-ਮੁਲਾਂਕਣ | 12.00 |
| 507,508 | ਅਜੋਕੇ ਯੁੱਗ ਵਿੱਚ ਖ਼ਾਲਸੇ ਦੀ ਪ੍ਰਾਸੰਗਿਕਤਾ | 12.00 |
| 509 | creation of the Khalsa | 15.00 |
| 511 | ਦਸਵੰਧ ਪ੍ਰੰਪਰਾ | 12.00 |
| 512 | ਅਨੁਭਉ ਪ੍ਰਕਾਸ਼ | 12.00 |
| 513 | Maharaja Ranjit Singh His Image and In balance At Home and Abroad | 12.00 |
| 514 | ਜਪਹੁ ਏਕ ਨਾਮਾ | 15.00 |
| 515,516 | ਬਾਬਾ ਫਰੀਦ ਜੀ (ਡਾ. ਇੰਦਰਜੀਤ ਸਿੰਘ ਵਾਸੂ) | 15-00 |
| 517,518 | ਬਾਬਾ ਫਰੀਦ ਜੀ (ਸ. ਗੁਰਬਖਸ਼ ਸਿੰਘ ਪਿਆਸਾ) | 15.00 |
| 519 | 21ਵੀਂ ਸਦੀ ਵਿੱਚ ਸਿੱਖ | 12.00 |
| 520-21-22 | ਪਾਕਿਸਤਾਨ ਵਿੱਚ ਗੁਰਦਵਾਰਿਆਂ ਦੀ ਯਾਤਰਾ | 25-00 |
| 523 | ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰਾਜਨੀਤਿਕ ਵਿਚਾਰ | |
| 524 | ਭਗਤ ਤ੍ਰਿਲਚਨ ਜੀ | |
| 525 | ਸਿੱਖਾਂ ਵਿਚ ਮੀਰੀ-ਪੀਰੀ ਦੀ ਧਾਰਨਾ | |